ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ

ਪਾਲਿਕਾ ਸਮਾਚਾਰ


ਨਵੀਂ ਦਿੱਲੀ

**ਪਾਲਿਕਾ ਸਮਾਚਾਰ**

ਸਾਲ 36 ਅੰਕ 7-8

ਜੁਲਾਈ-ਅਗਸਤ 2013



**ਸੰਪਾਦਕੀ ਮੰਡਲ**

ਸਰਪ੍ਰਸਤ

ਸੁਸ੍ਰੀ ਅਰਚਨਾ ਅਰੋੜਾ

ਪ੍ਰਧਾਨ

ਮੁੱਖ ਸੰਪਾਦਕ

ਵਿਕਾਸ ਆਨੰਦ

ਉਪ ਮੁੱਖ ਸੰਪਾਦਕ

ਏ. ਕੇ. ਮਿਸ਼ਰਾ

ਪ੍ਰਕਾਸ਼ਕ ਸੰਪਾਦਕ

ਅਨੀਤਾ ਜੋਸ਼ੀ

ਕਾਰਜਕਾਰੀ ਸੰਪਾਦਕ

ਰਵਿੰਦਰ ਨੰਦਾ

ਸਹਾਇਕ ਸੰਪਾਦਕ

ਰੀਮਾ ਕਾਮਰਾ



**ਮੁੱਲ**

ਇਕ ਕਾਪੀ : 20/– ਰੁ:

ਸਾਲਾਨਾ : ₹ 100/– ਰੁ:

ਪੰਜ ਸਾਲਾਂ ਲਈ : ₹ 400/– ਰੁ:




# ਸੰਪਾਦਕੀ

*ਨਵੀਂ ਦਿੱਲੀ ਪਾਲਿਕਾ ਸਮਾਚਾਰ* ਦਾ ਨਵਾਂ ਅੰਕ ਮਈ-ਜੂਨ 2013 ਆਪ ਨੂੰ ਮਿਲ ਗਿਆ ਹੋਵੇਗਾ। ਆਸ ਕਰਦਾ ਹਾਂ ਕਿ *ਨਵੀਂ ਦਿੱਲੀ ਪਾਲਿਕਾ ਸਮਾਚਾਰ* ਦਾ ਬਹੁਰੰਗੀ ਰੂਪ ਆਪ ਨੂੰ ਪਸੰਦ ਆਇਆ ਹੋਵੇਗਾ। ਪਤਰਕਾ ਦੇ ਵਿਸ਼ੇ ਵਿੱਚ ਆਪਣੀ ਰਾਇ ਅਤੇ ਮੁੱਲਵਾਨ ਸੁਝਾਅ ਜ਼ਰੂਰ ਭੇਜੋ।

ਸ਼ਹੀਦਾਂ ਦੀ ਸ਼ਹਾਦਤ ਨਾਲ ਸਾਨੂੰ ਆਜ਼ਾਦੀ ਹਾਸਲ ਹੋਈ ਅਤੇ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤੀ। ਉਨ੍ਹਾਂ ਸ਼ਹੀਦਾਂ ਦੀ ਸ਼ਹਾਦਤ ਦੇ ਕਾਰਨ ਹੀ ਅਸੀਂ ਇਕ ਅਮੀਰ ਪ੍ਰਜਾਤਾਂਤ੍ਰਿਕ ਅਤੇ ਪ੍ਰਗਤੀਸ਼ੀਲ ਰਾਸ਼ਟਰ ਦਾ ਨਿਰਮਾਣ ਕਰ ਸਕੇ ਹਾਂ। ਮੈਂ ਇਸ ਮੌਕੇ ਤੇ ਪ੍ਰਜਾਤੰਤਰ ਦੇ ਸੱਚੇ ਰੱਖਿਅਕਾਂ ਨੂੰ ਸਲਾਮ ਕਰਦਾ ਹਾਂ।

ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਏਸ਼ੀਆ ਦਾ ਇਕ ਅਮੀਰ ਅਦਾਰਾ ਹੈ, ਜੋ ਆਪਣੇ ਖੇਤਰ ਦੇ ਵਸਨੀਕਾਂ ਦੇ ਸਹਿਯੋਗ ਅਤੇ ਭਾਗੀਦਾਰੀ ਨਾਲ ਸਫ਼ਾਈ, ਸਿੱਖਿਆ, ਪੀਣ ਦਾ ਪਾਣੀ ਅਤੇ ਸਿਹਤ ਵਰਗੀਆਂ ਮੂਲਭੂਤ ਸੇਵਾਵਾਂ ਵਧੀਆ ਅਤੇ ਬੇਹਤਰ ਰੂਪ ਵਿੱਚ ਪ੍ਰਦਾਨ ਕਰਨ ਵਿੱਚ ਸਦਾ ਕ੍ਰਿਤ ਸੰਕਲਪ ਰਿਹਾ ਹੈ। ਕਿਸੇ ਵੀ ਦੇਸ਼ ਦੀ ਰਾਜਧਾਨੀ ਉਸ ਦੇਸ਼ ਦੀ ਤਸਵੀਰ ਹੁੰਦੀ ਹੈ, ਜੇਕਰ ਦਿੱਲੀ ਨੂੰ ਸਾਫ਼-ਸੁਥਰਾ ਬਣਾ ਕੇ ਵਾਤਾਵਰਣ ਨੂੰ ਸੁਰੱਖਿਅਤ ਕੀਤਾ ਜਾਂਦਾ ਹੈ ਤਾਂ ਪੂਰਾ ਦੇਸ਼ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਦੇ ਉਪਾਅ ਅਪਨਾਉਣ ਦੇ ਲਈ ਸਹਿਜ-ਸੁਭਾ ਪ੍ਰੇਰਿਤ ਹੋਵੇਗਾ। ਪਰ ਕੁਦਰਤ ਨਾਲ ਛੇੜਖਾਨੀ ਇਕ ਭਿਆਨਕ ਤ੍ਰਾਸਦੀ ਦਾ ਰੂਪ ਵੀ ਲੈ ਸਕਦੀ ਹੈ। ਪਿਛਲੇ ਦਿਨਾਂ ਵਿੱਚ ਉੱਤਰਾਖੰਡ ਦੀ ਦੇਵਭੂਮੀ ਵਿੱਚ ਜੋ ਆਪਦਾ ਆਈ ਉਸ ਨਾਲ ਜਾਨ-ਮਾਲ ਦਾ ਕਾਫ਼ੀ ਨੁਕਸਾਨ ਹੋਇਆ। ਇਸ ਦੁੱਖ ਦੀ ਘੜੀ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਾਰੇ ਅਧਿਕਾਰੀ/ਕਰਮਚਾਰੀ ਗਣ ਉਨ੍ਹਾਂ ਦੁਖੀ ਪਰਿਵਾਰਾਂ ਦੇ ਨਾਲ ਹਨ।

**ਮੁੱਖ ਸੰਪਾਦਕ**

## ਇਸ ਅੰਕ ਵਿੱਚ


| | | |
|---|---|---|
| ਨਵੀਂ ਕਿਤਾਬ/**'ਅੰਮ੍ਰਿਤਾ : ਇਕ ਕਾਇਨਾਤ'** ਵਿੱਚੋਂ ਲੇਖ **ਨਿਆਜ਼ ਬੋ ਜਿਹੀ ਸ਼ਖ਼ਸੀਅਤ** | 3 | ਅਮੀਆ ਕੁੰਵਰ |
| **ਦੋ ਗੀਤ** | 6 | ਪ੍ਰਿੰ. ਨਵਰਾਹੀ ਘੁਗਿਆਣਵੀ |
| **ਵਿਰਾਸਤ** *(ਕਵਿਤਾ)* | 7 | ਡਾ. ਹਰਨੇਕ ਸਿੰਘ 'ਕੋਮਲ' |
| **ਕਾਵਿ-ਸੰਗ੍ਰਹਿ 'ਕਾਤਰਾਂ' ਦੀ ਆਲੋਚਨਾ-ਦ੍ਰਿਸ਼ਟੀ** | 8 | ਡਾ. ਸਤਵੰਤ ਕੌਰ ਮਠਾੜੂ |
| **ਮੁਸਕਾਨ** *(ਕਵਿਤਾ)* | 10 | ਸੁੰਦਰ ਪਾਲ 'ਪ੍ਰੇਮੀ' |
| **ਚਾਰ ਨਿੱਕੀਆਂ ਕਵਿਤਾਵਾਂ** | 11 | ਬਚਿੰਤ ਕੌਰ |
| **ਵਿਹੜੇ ਵਿਚਲਾ ਰੁੱਖ...ਤੇ ਉਹ** *(ਕਹਾਣੀ)* | 12 | ਰਾਜੇਸ਼ ਗੁਪਤਾ |
| **ਨਿਵੇਕਲਾ ਸੁਤੰਤਰਤਾ ਸੰਗਰਾਮੀ--ਊਧਮ ਸਿੰਘ ਸੁਨਾਮ** *(ਸ਼ਹੀਦੀ ਦਿਵਸ ਤੇ ਵਿਸ਼ੇਸ਼)* | 15 | ਰਣਜੀਤ ਸਿੰਘ ਨੂਰਪੁਰਾ |
| **ਜਿੱਥੇ ਨਾਨੀ ਉੱਥੇ ਨਾਨਕੇ** *(ਬਾਲ ਕਹਾਣੀ)* | 19 | ਦਰਸ਼ਨ ਸਿੰਘ ਬਨੂੜ |
| **ਘਰ ਦਾ ਭੇਤੀ** *(ਬਾਲ ਕਹਾਣੀ)* | 21 | ਪਰਮਜੀਤ ਕੌਰ ਆਸ਼ਟ |
| **ਪਰੀਸ਼ਦ ਗਤੀਵਿਧੀਆਂ** | 22 | ------- |



ਇਸ ਅੰਕ ਵਿੱਚ ਛਪੇ ਵਿਚਾਰਾਂ ਨਾਲ ਸੰਪਾਦਕੀ ਮੰਡਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਰਚਨਾਵਾਂ ਵਿੱਚ ਸੋਧ, ਕਾਂਟ-ਛਾਂਟ ਆਦਿਕ ਕਰਨ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦਾ ਜੁਡੀਸ਼ਲ ਖੇਤਰ ਨਵੀਂ ਦਿੱਲੀ ਹੋਵੇਗਾ।



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਲਈ ਅਨੀਤਾ ਜੋਸ਼ੀ ਦੁਆਰਾ ਪ੍ਰਕਾਸ਼ਿਤ ਅਤੇ ਨੂਤਨ ਪ੍ਰਿੰਟਰਜ਼, ਐਫ-89/12, ਓਖਲਾ ਇੰਡਸਟ੍ਰੀਅਲ ਏਰੀਆ ਫੇਜ਼-I, ਨਵੀਂ ਦਿੱਲੀ- 110020 ਤੋਂ ਛਪੀ। (ਫ਼ੋਨ : 26817055)



ਸੰਪਰਕ ਸੂਤਰ : ਸੰਪਾਦਕ, ਪਾਲਿਕਾ ਸਮਾਚਾਰ (ਦੋ ਮਾਸਿਕ), ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ,
ਪਾਲਿਕਾ ਕੇਂਦਰ, ਸੰਸਦ ਮਾਰਗ, ਨਵੀਂ ਦਿੱਲੀ-110001
ਫ਼ੋਨ : 41501354-70/3209 ਵੈੱਬਸਾਈਟ : www.ndmc.gov.in

## ਨਵੀਂ ਕਿਤਾਬ

*'ਨਵੀਂ ਕਿਤਾਬ' ਕਾਲਮ ਵਿੱਚ ਇਸ ਵਾਰੀ ਪੇਸ਼ ਹੈ ਅਮੀਆ ਕੁੰਵਰ ਦੀ ਪੁਸਤਕ* ***'ਅੰਮ੍ਰਿਤਾ : ਇਕ ਕਾਇਨਾਤ'*** *ਵਿੱਚੋਂ ਮੋਹ ਨਾਲ ਭਰਿਆ ਇਕ ਲੇਖ 'ਨਿਆਜ਼ ਬੋ ਜਿਹੀ ਸ਼ਖ਼ਸੀਅਤ' ! ਅੰਮ੍ਰਿਤਾ ਅਤੇ ਇਮਰੋਜ਼ ਨਾਲ ਅਮੀਆ ਕੁੰਵਰ ਦੀ ਨੇੜਤਾ ਪੁਸਤਕ ਦੇ ਹਰ ਅੱਖਰ ਵਿਚੋਂ ਝਲਕਦੀ ਹੈ। ਅੰਮ੍ਰਿਤਾ ਜੀ ਦੀ ਨਿੱਜਤਾ ਤੇ ਅਦਬੀਅਤ ਨੂੰ ਇਮਰੋਜ਼ ਹੁਰਾਂ ਤੋਂ ਬਾਅਦ ਸ਼ਾਇਦ ਅਮੀਆ ਨੇ ਹੀ ਸਭ ਤੋਂ ਵੱਧ ਹੰਢਾਇਆ ਹੈ। ਇਸ ਪੁਸਤਕ ਵਿਚਲੇ ਲੇਖ, ਸੰਸਮਰਣ ਅਤੇ ਯਾਦਾਂ ਇਕ ਪੂਰੀ ਕਾਇਨਾਤ ਵਾਂਗ ਪਾਠਕਾਂ ਦੇ ਸਨਮੁਖ ਪੇਸ਼ ਹੈ। ਆਓ ! ਅੰਮ੍ਰਿਤਾ ਜੀ ਦੇ ਜਨਮ ਦਿਨ ਦੇ ਮਹੀਨੇ ਵਿੱਚ ਇਨ੍ਹਾਂ ਯਾਦਗਾਰੀ ਛਿਣਾਂ ਦੀ ਮਹਿਕ ਨਾਲ ਅਸੀਂ ਵੀ ਮਹਿਕ ਜਾਈਏ। – ਸੰਪਾਦਕ*

# ਨਿਆਜ਼ ਬੋ ਜਿਹੀ ਸ਼ਖ਼ਸੀਅਤ

ਅੰਮ੍ਰਿਤਾ ਜੀ ਦੇ ਸੰਗ-ਸਾਥ ਰਹਿਣ ਵਾਲੇ ਉਹਨਾਂ ਦੇ ਜੀਵਨ ਸਾਥੀ ਇਮਰੋਜ਼, ਨੂੰਹ, ਧੀ, ਪੁੱਤਰ, ਉਹਨਾਂ ਦੇ ਬੱਚੇ, ਅੰਮ੍ਰਿਤਾ ਜੀ ਦੇ ਨਜ਼ਦੀਕੀ ਦੋਸਤ ਉਹਨਾਂ ਦੀ ਸ਼ਖ਼ਸੀਅਤ ਦੀ ਮਹਿਕ ਨਾਲ ਮਹਿਕਦੇ ਤਾਂ ਰਹਿੰਦੇ ਹੀ ਹਨ ਪਰ ਉਹਨਾਂ ਤੋਂ ਦੂਰ-ਪਾਰ ਰਹਿੰਦੇ, ਉਹਨਾਂ ਨੂੰ ਪਿਆਰ ਕਰਨ ਵਾਲੇ ਲੋਕ ਵੀ ਇਸ ਅਲੋਕਾਰ ਨਿਆਜ਼ ਬੋ ਜਿਹੀ ਸ਼ਖ਼ਸੀਅਤ ਤੋਂ ਸੱਖਣੇ ਨਹੀਂ ਰਹਿ ਸਕਦੇ।

ਇਸ ਨਿਆਜ਼ਬੋਈ ਸ਼ਖ਼ਸੀਅਤ ਨੂੰ ਨੇੜਿਓਂ ਜਾਣਦਿਆਂ ਕਰੀਬ ਚੌਦਾਂ ਸਾਲ ਹੋ ਗਏ ਹਨ – ਹਾਲਾਂਕਿ ਉਹਨਾਂ ਦੀਆਂ ਕਿਤਾਬਾਂ ਰਾਹੀਂ ਤੇ ਕਦੇ-ਕਦਾਈਂ ਕਿਸੇ ਸੈਮੀਨਾਰ ਵਿੱਚ ਉਹਨਾਂ ਨਾਲ ਮੇਲ ਇਸ ਤੋਂ ਪਹਿਲਾਂ ਵੀ ਹੁੰਦਾ ਰਿਹਾ। ਇਕ ਦਿਨ ਫ਼ੋਨ ਆਇਆ – ਮੈਂ ਅਮਰਜੀਤ ਜੀ ਨਾਲ ਗੱਲ ਕਰਨੀ ਏ। ਕਿਹਾ : ਬੋਲ ਰਹੀ ਹਾਂ। ਦੂਜੇ ਪਾਸਿਓਂ ਆਵਾਜ਼ ਆਈ – "ਮੈਂ ਅੰਮ੍ਰਿਤਾ ਪ੍ਰੀਤਮ ਬੋਲ ਰਹੀ ਹਾਂ। ਸੁਣਿਆ ਏ। ਤੁਹਾਡੀ ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ ਉੱਤੇ ਬਰਾਬਰ ਦੀ ਕਮਾਂਡ ਏ। ਮੈਨੂੰ ਆਪਣੇ ਲਈ ਇਕ ਅਨੁਵਾਦਕ ਦੀ ਲੋੜ ਪੈਂਦੀ ਹੈ।" ਸਰੀਰ ਦਾ ਰੋਮ ਰੋਮ ਸਾਹ ਲੈਣ ਲੱਗ ਪਿਆ। ਇਕ ਛਿਣ ਲਈ ਜਿਵੇਂ ਦਿਲ ਧੜਕਣਾ ਬੰਦ ਹੋ ਗਿਆ ਤੇ ਫਿਰ ਉਹਦੀ ਗਤੀ ਇੰਨੀ ਤੇਜ਼ ਹੋ ਗਈ ਕਿ ਲੱਗਿਆ ਬਸ ਹੁਣੇ ਹੀ...। ਉਸ ਸ਼ਖ਼ਸੀਅਤ ਦੀ ਆਵਾਜ਼ ਸੁਨਣਾ ਜਿਹਨੂੰ ਮੈਂ ਸੱਤਵੀਂ-ਅੱਠਵੀਂ ਜਮਾਤ ਤੋਂ ਦੀਵਾਨਿਆਂ ਵਾਂਗ ਪੜ੍ਹਦੀ ਆ ਰਹੀ ਸਾਂ। ਉਦੋਂ ਜਦੋਂ ਮੇਰੇ ਘਰ ਨੇੜੇ ਪੰਜਾਬੀ ਦੀਆਂ ਕਿਤਾਬਾਂ ਨਹੀਂ ਮਿਲਦੀਆਂ ਸਨ – ਉਦੋਂ ਹਿੰਦੀ ਵਿੱਚ ਸਭ ਤੋਂ ਪਹਿਲੀ ਕਿਤਾਬ ਪੜ੍ਹੀ – 'ਕਾਲਾ ਗੁਲਾਬ'। ਉਸ ਕੱਚੀ ਉਮਰ ਵਿੱਚ ਜਦੋਂ ਇੰਨੀਆਂ ਡੂੰਘੀਆਂ ਗੱਲਾਂ ਸਮਝ ਵਿੱਚ ਨਹੀਂ ਸਨ ਆਉਂਦੀਆਂ 'ਕਾਲਾ ਗੁਲਾਬ' ਦਿਲੋ-ਦਿਮਾਗ਼ ਉੱਤੇ ਪਤਾ ਨਹੀਂ ਕੀ ਅਸਰ ਕਰਦਾ ਗਿਆ ਕਿ ਮੈਂ ਦੀਵਾਨਾਵਾਰ ਉਸ ਵਿਚਲੀਆਂ ਦਿਲ ਨੂੰ ਛੂਹਣ ਵਾਲੀਆਂ ਸਤਰਾਂ ਨੂੰ ਲਕੀਰਦੀ ਗਈ ਤੇ ਫਿਰ ਹੋਰ ਕਈ 'ਅੱਕ ਦਾ ਬੂਟਾ', 'ਪਿੰਜਰ', 'ਡਾ. ਦੇਵ' 'ਦਿੱਲੀ ਦੀਆਂ ਗਲੀਆਂ', 'ਇਕ ਸੀ ਅਨੀਤਾ' ਪੜ੍ਹੀਆਂ। ਜਿਸ



ਗੁਪਤਾ ਬੁਕ ਸ਼ਾਪ ਤੋਂ ਇਕ ਰੁਪਏ 'ਤੇ ਦੋ ਕਿਤਾਬਾਂ ਕਿਰਾਏ ਤੇ ਲੈ ਕੇ ਆਉਂਦੀ ਸਾਂ, ਉਸ ਨੂੰ ਹੋਰ ਕਿਤਾਬਾਂ ਲਿਆਉਣ ਨੂੰ ਕਹਿੰਦੀ। ਜਦੋਂ ਮੈਨੂੰ ਮਹੀਨੇ ਦਾ ਜੇਬ-ਖ਼ਰਚ ਮਿਲਦਾ ਤੇ ਗੁਪਤਾ ਕਿਤਾਬਾਂ ਵਾਲਾ ਵੀ ਉਸ ਕਿਤਾਬ ਨੂੰ ਕਿਰਾਏ 'ਤੇ ਦੇ ਦੇ ਕੇ ਕਾਫ਼ੀ ਪੈਸੇ ਕਮਾ ਚੁੱਕਾ ਹੁੰਦਾ ਤਾਂ ਮੈਂ ਅੱਧਾ ਮੁੱਲ ਦੇ ਕੇ ਉਹ ਕਿਤਾਬ ਖ਼ਰੀਦ ਲੈਂਦੀ। ਉਦੋਂ ਤੋਂ ਹੀ ਮੇਰੀ ਨਿੱਕੀ ਜਿਹੀ ਲਾਇਬਰੇਰੀ ਦਾ ਆਗ਼ਾਜ਼ ਹੋਇਆ। ਉਹ ਕਿਤਾਬਾਂ ਅੱਜ ਵੀ ਮੇਰੀ ਨਿੱਜੀ ਲਾਇਬਰੇਰੀ ਦਾ ਸ਼ਿੰਗਾਰ ਹਨ। ਇਸ ਵਿੱਚ ਬਹੁਤ ਵੱਡਾ ਇਜ਼ਾਫ਼ਾ ਹੋਇਆ ਅੰਮ੍ਰਿਤਾ ਜੀ ਵੱਲੋਂ ਮਿਲੀਆਂ ਪੰਜ-ਛੇ ਸੌ ਕਿਤਾਬਾਂ ਨਾਲ। ਫਿਰ ਮੈਂ 'ਨਾਗਮਣੀ' ਲੈਣੀ ਸ਼ੁਰੂ ਕੀਤੀ। ਅੰਮ੍ਰਿਤਾ ਇਮਰੋਜ਼ ਦੇ ਵਿਚਾਰਾਂ ਦੀ ਕਾਇਲ ਹੁੰਦੀ ਗਈ। ਹੌਲੀ ਹੌਲੀ ਸਭ ਨੂੰ ਅੰਮ੍ਰਿਤਾ ਜੀ ਪ੍ਰਤੀ ਮੇਰੀ ਕ੍ਰੇਜ਼ ਦਾ ਪਤਾ ਚੱਲਦਾ ਗਿਆ।

ਖ਼ੈਰ, ਪਿੱਛਲਝਾਤ ਤੋਂ ਅੱਗੇ ਆਈਏ। ਫ਼ੋਨ ਦੇ ਦੂਜੇ ਪਾਸਿਓਂ ਅੰਮ੍ਰਿਤਾ ਜੀ ਬੋਲ ਰਹੇ ਸਨ, "ਕੱਲ੍ਹ ਮੇਰੇ ਘਰ ਆ ਸਕਦੇ ਹੋ ? ਮੇਰਾ ਪਤਾ ਹੈ..." ਮੈਂ ਹੱਸ ਪਈ, "ਤੁਹਾਡਾ ਘਰ ਮੈਂ ਵੇਖਿਆ ਹੈ। ਕਈ ਵਾਰ ਰਾਤੀਂ ਸੈਰ ਕਰਦਿਆਂ ਤੁਹਾਡੇ ਘਰ ਦੇ ਕੋਲੋਂ ਲੰਘੀ ਹਾਂ। (ਬਹੁਤ ਪਹਿਲਾਂ ਦੋ ਵੇਰ ਉਸ ਘਰ ਵਿੱਚ ਜਾ ਚੁੱਕੀ ਸਾਂ। ਇਕ ਵੇਰ ਪ੍ਰਸ਼ੰਸਕ ਦੇ ਤੌਰ 'ਤੇ ਅਤੇ ਇਕ ਵੇਰ ਜੋਗੀ ਦੀਦੀ (ਦੇਵ ਦੀ ਪਤਨੀ) ਦਾ ਕੋਈ ਸੁਨੇਹਾ ਲੈ

ਕੇ । ਸੋ ਕਿਹਾ, 'ਕੱਲ੍ਹ ਆ ਜਾਵਾਂਗੀ ।' ਫ਼ੋਨ ਬੰਦ ਹੋ ਗਿਆ ਪਰ ਜਿਵੇਂ ਯਕੀਨ ਨਹੀਂ ਹੋ ਰਿਹਾ ਸੀ । ਆਪਣੀ ਨੌਕਰੀ 'ਤੇ ਜਦ ਅਗਲੇ ਦਿਨ ਗਈ ਤਾਂ ਰਹਿ-ਰਹਿ ਕੇ ਦੋਸਤਾਂ ਨੂੰ ਕਹਿੰਦੀ – ਕਿਸੇ ਨੇ ਮੈਨੂੰ ਮੂਰਖ ਤਾਂ ਨਹੀਂ ਬਣਾਇਆ, ਜੋ ਜਾਣਦਾ ਹੋਵੇ ਕਿ ਮੈਂ ਅੰਮ੍ਰਿਤਾ ਜੀ ਦੀ ਜਨੂੰਨ ਦੀ ਹੱਦ ਤੱਕ ਪ੍ਰਸੰਸਕ ਹਾਂ । ਪਰ ਦੋਸਤਾਂ ਦਾ ਕਹਿਣਾ ਸੀ – ਜੋ ਵੀ ਏ, ਤੈਨੂੰ ਇਕ ਵੇਰ ਜ਼ਰੂਰ ਜਾਣਾ ਚਾਹੀਦਾ ਹੈ । ਫਿਰ ਜਦੋਂ ਉਹਨਾਂ ਕੋਲ ਗਈ ਤਾਂ ਆਉਣ-ਜਾਣ ਦਾ ਅਜਿਹਾ ਸਿਲਸਿਲਾ ਕਾਇਮ ਹੋਇਆ ਕਿ ਅੱਜ ਤੀਕ ਬਰਕਰਾਰ ਏ । ਕਈ ਵੇਰ ਪਰਿਵਾਰਕ ਅਤੇ ਸਮਾਜਕ ਖਲਜਗਣਾਂ ਕਾਰਨ ਵਿੱਥ ਆ ਜਾਂਦੀ ਏ ਪਰ ਵਕਤ ਦੀ ਸੂਈ ਨੂੰ ਇੱਧਰ-ਉੱਧਰ ਸਰਕਾ ਕੇ ਅੰਮ੍ਰਿਤਾ ਜੀ ਕੋਲ ਜਾਣ ਲਈ ਸਮਾਂ ਕੱਢ ਹੀ ਲੈਂਦੀ ਹਾਂ – ਜਦੋਂ ਵੀ ਉਹ ਮੈਨੂੰ ਯਾਦ ਕਰਦੇ ਹਨ ਜਾਂ ਮੈਨੂੰ ਉਹਨਾਂ ਦੀ ਯਾਦ ਆਉਂਦੀ ਹੈ ਜਾਂ ਉਸ ਨਿਆਜ਼ਬੋ ਦੀ ਮਹਿਕ ਵਿੱਚ ਗੁਆਚ ਕੇ ਆਲ-ਦੁਆਲ ਫੈਲੇ ਹੋਏ ਪ੍ਰਦੂਸ਼ਣ ਤੋਂ ਮੁਕਤ ਹੋਣਾ ਚਾਹੁੰਦੀ ਹਾਂ ।

ਬਹੁਤ ਸਾਰੇ ਯਾਦਗਾਰੀ ਛਿਣ ਹਨ । ਅੰਮ੍ਰਿਤਾ ਜੀ ਤੇ ਮੈਂ, ਇਕ ਦੂਜੇ ਨਾਲ ਕਈ ਤਰ੍ਹਾਂ ਦੇ ਭੇਤ ਸਾਂਝੇ ਕੀਤੇ ਹਨ – ਦੋਸਤਾਂ ਦੇ, ਸਹਿਕਰਮੀਆਂ ਦੇ, ਲੇਖਕਾਂ ਦੇ, ਪਰਿਵਾਰ ਦੇ, ਇਸ਼ਕ ਦੇ । ਉਹਨਾਂ ਨਾਲ ਜੁੜੀਆਂ ਕਈ ਮੋਹ ਭਰੀਆਂ ਸਿਮਰਿਤੀਆਂ ਮੇਰੀ ਜ਼ਿੰਦਗੀ ਦਾ ਅਨਿੱਖੜਵਾਂ ਹਿੱਸਾ ਹਨ । ਕਈ ਵੇਰ ਅਚਾਨਕ ਕੋਈ ਪ੍ਰਸ਼ਨ, ਕੋਈ ਵਿਸ਼ਾ, ਕੋਈ ਫ਼ੀਚਰ ਅੰਮ੍ਰਿਤਾ ਜੀ ਮੇਰੇ ਹੱਥ ਫੜਾ ਦਿੰਦੇ । ਇਸ ਤਰ੍ਹਾਂ ਮੱਲੋ-ਮੱਲੀ ਚਿਰਾਂ ਤੋਂ ਅੰਤਰਮਨ ਦੇ ਭੋਰਿਆਂ ਵਿੱਚ ਪਿਆ ਪਤਾ ਨਹੀਂ ਕਿੰਨਾ ਕੁਝ ਬਾਹਰ ਆ ਜਾਂਦਾ – 'ਇਕ ਪ੍ਰਸ਼ਨ', 'ਦਸ ਕਦਮ', 'ਪੰਜ ਬਾਰੀਆਂ' ਜਿਹੇ ਲੇਖ ਇਸੇ ਦਾ ਪ੍ਰਮਾਣ ਹਨ । ਬਹੁਤ ਬਿਮਾਰ ਹੋਣ ਦੇ ਬਾਵਜੂਦ ਮੇਰੀ ਕਿਤਾਬ ਦੇ ਛੱਪਣ ਵਿੱਚ ਪੂਰੀ ਦਿਲਚਸਪੀ ਲੈਣਾ, ਭੂਮਿਕਾ ਲਈ ਮੋਹਨਜੀਤ ਦਾ ਨਾਂ ਸੁਝਾਉਣਾ, ਕਿਤਾਬ ਦੇ ਫ਼ਲੈਪ ਲਈ ਲਿਖੀਆਂ ਅੰਮ੍ਰਿਤਾ ਜੀ ਦੀਆਂ ਚਾਰ ਸਤਰਾਂ ਇਸ ਕਿਤਾਬ ਦਾ ਜੀਵੰਤ ਅਹਿਸਾਸ ਹਨ । ਇਸ ਕਾਵਿ-ਸੰਗ੍ਰਹਿ ਦਾ 'ਛਿਣਾਂ ਦੀ ਗਾਥਾ' ਨਾਮਕਰਨ ਵੀ ਉਹਨਾਂ ਨੇ ਹੀ ਕੀਤਾ । ਮੇਰੀ ਬੇਟੀ ਦਾ ਮੇਰੇ ਘਰ ਆਉਣਾ ਵੀ ਉਹਨਾਂ ਦੀ ਪ੍ਰੇਰਨਾ ਸਦਕਾ ਹੀ ਹੈ । ਜਦੋਂ ਉਹਨਾਂ ਨੂੰ ਫ਼ੋਨ ਕਰਕੇ ਇਹ ਖ਼ੁਸ਼ਖ਼ਬਰੀ ਦਿੱਤੀ – ਉਹਨਾਂ ਨੇ ਉਸ ਨੂੰ ਵੇਖਣਾ ਚਾਹਿਆ ਤਾਂ ਕਿਹਾ ਕਿਸੇ ਦਿਨ ਲੈ ਕੇ ਆਵਾਂਗੀ । ਕਹਿਣ ਲੱਗੇ – ਨਹੀਂ, ਉਹਨੂੰ ਧੁੱਪ 'ਚ ਨਾ ਲਿਆਵੀਂ । ਮੈਂ ਖ਼ੁਦ ਵੇਖਣ ਆਵਾਂਗੀ । ਉਹਨੀਂ ਦਿਨੀਂ ਵੀ ਉਹਨਾਂ ਦੀ ਤਬੀਅਤ ਠੀਕ ਨਹੀਂ ਸੀ ਪਰ ਇਸ ਦੇ ਬਾਵਜੂਦ ਜਦੋਂ ਉਹ ਇਮਰੋਜ਼ ਜੀ ਦੇ ਮੋਢੇ ਦਾ ਆਸਰਾ ਲੈ ਕੇ ਮੇਰੇ ਘਰ ਦੀਆਂ ਚਾਰ ਪੌੜੀਆਂ ਚੜ੍ਹ ਕੇ ਆਏ ਤਾਂ ਮੈਂ ਆਪਣੇ ਆਪ ਉੱਤੇ ਰਸ਼ਕ ਕਰ ਉੱਠੀ ਤੇ ਉਹਨਾਂ ਪਲਾਂ-ਛਿਣਾਂ ਨੂੰ ਆਪਣੇ ਕੈਮਰੇ ਵਿੱਚ ਕੈਦ ਕਰ ਲਿਆ । ਅੱਜ ਵੀ ਮੈਨੂੰ ਉਹ ਸਭ ਤੋਂ ਅਮੁੱਲ ਤੁਹਫ਼ਾ ਲੱਗਦਾ ਹੈ ਜਿਹੜਾ ਉਹਨਾਂ ਮੇਰੀ ਬੱਚੀ ਨੂੰ ਦਿੱਤਾ ਸੀ । ਅੰਮ੍ਰਿਤਾ ਜੀ ਵੱਲੋਂ ਮਿਲਿਆਂ ਉਹਨਾਂ ਦਾ ਦਿੱਤਾ ਇਕ ਇਕ ਤੁਹਫ਼ਾ ਸਾਂਭ ਰੱਖਿਆ ਹੈ – ਚਾਹੇ ਉਹ ਕਿਤਾਬਾਂ ਹੋਣ, ਪਹਿਨਣ ਵਾਲੇ ਸੂਟ ਹੋਣ (ਜੋ ਹੁਣ ਤੰਗ ਤੇ ਛੋਟੇ ਹੋ ਗਏ ਹਨ ਪਰ, ਉਹਨਾਂ ਨੂੰ ਕਿਸੇ ਨੂੰ ਦੇਣ ਨੂੰ ਮਨ ਨਹੀਂ ਕਰਦਾ) ਛੁਟ-ਪੁਟ ਟੂਮਾਂ ਹੋਣ, ਕੁਝ ਹੋਰ ਨਿੱਕ-ਸੁੱਕ ਹੋਵੇ ਜਾਂ ਫਿਰ ਮਿਲੀਨੀਅਮ ਐਵਾਰਡ ਤੇ ਦਿੱਤਾ ਗੋਲਡ ਨੈਕਲੈਸ ਹੋਏ ਜਾਂ ਪੰਜਾਬ ਸਰਕਾਰ ਵੱਲੋਂ ਇਨਾਮ ਮਿਲਣ 'ਤੇ ਸੋਨੇ ਦੇ ਝੁਮਕੇ ਹੋਣ । ਫਿਰ ਪਿੱਛੇ ਜਿਹੇ ਮੇਰੇ ਸੂਟ ਦੇ ਰੰਗ ਨੂੰ ਵੇਖ ਕੇ ਉਹਨਾਂ ਚੈਕੋਸਲੋਵਾਕੀਆ ਤੋਂ ਲਿਆਂਦਾ ਇਕ ਖ਼ੂਬਸੂਰਤ ਕੀਮਤੀ ਬ੍ਰੈਸਲੇਟ ਅਲਮਾਰੀ 'ਚੋਂ ਕੱਢ ਕੇ ਮੇਰੀ ਵੀਣੀ 'ਤੇ ਬੰਨ੍ਹ ਦਿੱਤਾ ਸੀ । ਇਹ ਸਭ ਬੇਸ਼ਕੀਮਤੀ ਤੁਹਫ਼ੇ ਮੇਰੀਆਂ ਯਾਦਾਂ ਨੂੰ ਵਸੀਹ ਕਰਦੇ ਹਨ ।

ਅੰਮ੍ਰਿਤਾ ਜੀ, ਮਹਾਨ ਲੇਖਕਾ ਹੋਣ ਦੇ ਨਾਲ ਨਾਲ ਅਜਿਹੀ ਬਿੰਦਾਸ ਸ਼ਖ਼ਸੀਅਤ ਹਨ, ਜਿਸ ਨੇ ਜਿਵੇਂ ਚਾਹਿਆ ਜੀਵਿਆ ਹੈ । ਮੈਂ ਇਕ ਮਾਮੂਲੀ, ਅਦਨਾ ਜਿਹੀ ਸ਼ਾਇਰਾ ਹਾਂ ਪਰ ਕੁਝ ਗੱਲਾਂ ਵਿੱਚ ਉਹਨਾਂ ਨਾਲ ਸਾਂਝ ਹੈ । ਸਾਡੇ ਦੋਹਾਂ ਦਾ ਹੀ ਪਹਿਲਾ ਇਸ਼ਕ ਕਿਤਾਬਾਂ ਹਨ । ਚਾਹੇ ਉਹ ਕਹਿੰਦੇ ਹਨ, "ਮਾਣ ਸੁੱਚੇ ਇਸ਼ਕ ਦਾ ਹੈ, ਹੁਨਰ ਦਾ ਦਾਅਵਾ ਨਹੀਂ..." ਚੰਗੇ ਇਨਸਾਨਾਂ, ਫੁੱਲਾਂ, ਕਿਤਾਬਾਂ ਬਾਰੇ ਗੱਲਾਂ ਕਰਦਿਆਂ ਉਹਨਾਂ ਦੀ ਚੰਗਿਆਈ ਦਾ ਮਾਣ ਦੋਹਾਂ ਦੇ ਚਿਹਰਿਆਂ 'ਤੇ ਹੁੰਦਾ ਹੈ । ਪੂਰੇ ਸੰਸਾਰ ਵਿੱਚ ਕਿਸੇ ਨਾਲ ਵੀ ਹੁੰਦੀ ਨਾਇਨਸਾਫ਼ੀ 'ਤੇ ਸਾਡਾ ਦੋਹਾਂ ਦਾ ਮਨ ਭਰ ਆਉਂਦਾ ਹੈ । ਜਿੱਥੇ ਉਹ ਇਸ ਨਾਇਨਸਾਫ਼ੀ ਲਈ ਇਮਰੋਜ਼ ਜੀ ਨਾਲ ਗੱਲ ਕਰ ਲੈਂਦੇ ਹਨ, ਉੱਥੇ ਮੇਰੇ ਕੋਲ ਅਜਿਹਾ ਕੋਈ ਮੁਕੰਮਲ ਮਰਦ ਨਹੀਂ । ਅੰਮ੍ਰਿਤਾ ਜੀ ਨੂੰ ਜਿੱਥੇ ਇਸ ਗੱਲ ਦੀ ਉਮਰ ਜਿੰਨੀ ਤਵੀਲ ਸੰਤੁਸ਼ਟੀ ਹੈ ਕਿ ਅਜਿਹਾ ਪੂਰਨ ਮਰਦ ਉਹਨਾਂ ਦਾ ਹਾਸਿਲ ਏ – ਉੱਥੇ ਕਈ ਵੇਰ ਉਹਨਾਂ ਨੂੰ ਇਹ ਕਸਕ ਵੀ ਹੁੰਦੀ ਹੈ ਕਿ ਦੁਨੀਆ ਦੀਆਂ ਹੋਰ ਔਰਤਾਂ ਨੂੰ ਇਹ ਪ੍ਰਾਪਤੀ ਕਿਉਂ ਨਹੀਂ ਹੁੰਦੀ । ਕਈ ਵੇਰ ਜਦੋਂ ਉਹ ਆਪਣਾ ਰਸਤਾ ਚੁਨਣਾ ਚਾਹੁੰਦੀਆਂ ਹਨ ਤਾਂ ਸਾਰੇ ਰਸਤੇ ਬੰਦ ਕਿਉਂ ਹੋ ਜਾਂਦੇ ਹਨ ? ਉਹ ਬਹੁਤ ਵਾਰ 'ਨਾਗਮਣੀ' ਵਿੱਚ ਪਾਠਕਾਂ ਵੱਲੋਂ ਕੀਤੇ ਗਏ ਪ੍ਰਸ਼ਨਾਂ ਦੇ ਇਮਰੋਜ਼ ਵੱਲੋਂ ਦਿੱਤੇ ਜਵਾਬਾਂ 'ਤੇ ਸਵੈਮਾਣ ਨਾਲ ਭਰ ਜਾਂਦੇ ਹਨ । ਇਕ ਵਾਰ ਕਿਸੇ ਨੇ ਸੁਆਲ ਕੀਤਾ – "ਔਰਤ ਮਰਦ ਦਾ ਰਿਸ਼ਤਾ ਇੰਨਾ ਉਲਝਿਆ ਹੋਇਆ ਕਿਉਂ ਹੁੰਦਾ ਹੈ ?" ਇਮਰੋਜ਼ ਜੀ ਦਾ ਜਵਾਬ ਸੀ, "ਕਿਉਂਕਿ, ਅਜੇ ਤੀਕ ਮਰਦ ਨੇ ਔਰਤ ਨਾਲ ਸੌਣਾ ਹੀ ਸਿੱਖਿਆ ਏ, ਜਾਗਣਾ ਨਹੀਂ ਸਿੱਖਿਆ..." ਇਹ ਹੈ ਇਕ ਮੁਕੰਮਲ ਮਰਦ ਦਾ ਜਵਾਬ । ਪਰ ਇਮਰੋਜ਼ ਜੀ ਦੀ ਗੱਲ 'ਚ ਇਜ਼ਾਫ਼ਾ ਕਰਨਾ ਚਾਹੁੰਦੀ ਹਾਂ ਇਹ ਕਹਿ ਕੇ – "ਅਜੇ ਬਹੁਤਿਆਂ ਮਰਦਾਂ ਨੇ ਸਹੀ ਮਾਇਨੇ ਵਿੱਚ ਔਰਤ ਨਾਲ ਸੌਣਾ ਵੀ ਨਹੀਂ ਸਿੱਖਿਆ ।"

ਪਿੱਛੇ ਜਿਹੇ ਬੂਟਿਆਂ, ਫੁੱਲਾਂ ਦੀ ਗੱਲ ਚੱਲ ਰਹੀ ਸੀ ਤਾਂ ਮੈਂ ਕਿਹਾ – ਦੀਦੂ ! ਪਤਾ ਜੇ, ਇਕ ਬੂਟੇ ਦਾ ਨਾਂ ਲੈਲਾ-ਮਜਨੂੰ ਏ । ਹਾਲਾਂਕਿ ਕਿਤਾਬਾਂ ਵਿੱਚ ਵਾੜ ਦੀ ਇਕ ਕਿਸਮ ਦਾ ਨਾਂ ਮਜਨੂੰ ਆਉਂਦਾ ਹੈ । ਮੇਰੇ ਘਰ ਜਿੰਨੇ ਵੀ ਮਾਲੀ ਮਹੀਨੇ, ਦੋ ਮਹੀਨੇ ਬਾਅਦ ਮੇਰੀ ਪਸੰਦ ਦੇ, ਆਮ ਅਤੇ ਘੱਟ ਨਜ਼ਰ ਆਉਣ ਵਾਲੇ ਵਿਰਲੇ ਬੂਟੇ ਦੇ ਜਾਂਦੇ ਹਨ, ਉਹ ਸਭ ਇਸ ਨੂੰ ਲੈਲਾ-ਮਜਨੂੰ ਹੀ ਕਹਿੰਦੇ ਹਨ । ਅੰਮ੍ਰਿਤਾ ਜੀ ਕਹਿਣ ਲੱਗੇ – ਲੈਲਾ ਮਜਨੂੰ ਹੀ ਹੋਣਾ ਏ । ਇਕਦਮ ਬੱਚਿਆਂ ਵਰਗੀ ਜਿਗਿਆਸਾ ਸੀ ਉਹਨਾਂ ਦੀ ਆਵਾਜ਼ ਵਿੱਚ, ਉਸ ਬੂਟੇ ਨੂੰ ਵੇਖਣ ਦੀ । ਫੇਰ ਮੈਂ ਉਹਨਾਂ ਨੂੰ ਲੈਲਾ-ਮਜਨੂੰ ਦਾ ਬੂਟਾ ਦੇ ਕੇ ਆਈ । ਉਸ ਦਿਨ ਜੋ ਵੀ ਸਾਹਮਣੇ ਆਏ – ਅਲਕਾ, ਰਾਜੇਸ਼, ਅੰਮ੍ਰਿਤਾ ਜੀ ਉਹਨੂੰ ਕਹਿਣ, ਇਹ ਅਮੀਆ ਜਿਹੜਾ ਬੂਟਾ ਲਿਆਈ ਏ, ਪਤਾ ਏ ਇਹਦਾ ਕੀ ਨਾਂ ਏ – 'ਲੈਲਾ-ਮਜਨੂੰ' । ਉਸ ਬੂਟੇ ਦੇ ਪੱਤਿਆਂ ਦਾ ਉਤਲਾ ਪਾਸਾ ਸਬਜ਼ ਅਤੇ ਹੇਠਲਾ ਸੁਰਖ਼ ਲਾਲ ਹੁੰਦਾ ਹੈ, ਇਕ ਪੱਤੇ ਦੀ ਸਿੱਧ-ਪੁੱਠ ਦੋ-ਰੰਗੀ ਹੋਣ ਕਾਰਨ ਹੀ ਸ਼ਾਇਦ ਇਸ ਨੂੰ ਲੈਲਾ-ਮਜਨੂੰ ਕਹਿੰਦੇ ਹੋਣ । ਇਸ ਨੂੰ ਕਿਸੇ ਉੱਚੀ ਥਾਂ ਰੱਖੋ ਤਾਂ ਲੱਗਦਾ ਜਿਵੇਂ ਦੋ ਸਰੀਰ ਅਭੇਦ ਹੋਏ ਹੋਣ । ਖ਼ੈਰ ਉਸ ਦਿਨ ਤੋਂ ਬਾਅਦ ਹੁਣ ਜਦ ਵੀ ਮਿਲੀਏ ਹੱਸਦੇ ਹੋਏ ਕਹਿਣਗੇ, ਅਮੀਆ ! ਕਿਸੇ ਬੂਟੇ ਦਾ ਨਾਂ 'ਹੀਰ' ਵੀ ਹੈ ਕਿ ਨਹੀਂ, ਪਤਾ ਕਰ । ਇਸ ਸਭ ਕਾਸੇ ਦਾ ਜ਼ਿਕਰ ਉਹਨਾਂ ਨੇ ਜਸਬੀਰ ਭੁੱਲਰ ਵੱਲੋਂ ਇਮਰੋਜ਼ ਜੀ ਉੱਤੇ ਸੰਪਾਦਤ ਕੀਤੀ ਕਿਤਾਬ 'ਰੰਗਾਂ ਦੀ ਰਾਸ ਲੀਲਾ' ਵਿੱਚ ਵੀ ਕੀਤਾ ! ਪਿੱਛੇ ਜਿਹੇ ਨਿਆਜ਼ਬੋ ਦਾ ਬੂਟਾ ਚਾਹੀਦਾ ਸੀ । ਉਹਨਾਂ ਅੱਗੇ ਗੱਲ ਕੀਤੀ, ਕਹਿਣ ਲੱਗੇ – ਨਿਆਜ਼ਬੋ ਦਾ ਬੂਟਾ ਜਿਸ ਗਮਲੇ ਵਿੱਚ ਲੱਗਿਆ ਹੋਵੇ, ਉਹਦੇ ਨਾਲ ਜੋੜ ਕੇ ਦੂਜਾ ਗਮਲਾ ਰੱਖ ਦੇਵੋ, ਉਸ ਦੇ ਨਾਲ ਦੇ ਗਮਲੇ ਵਿੱਚ ਉਹਦੇ ਬੀਜ ਡਿਗਦੇ ਹਨ ਤੇ ਨਵਾਂ ਨਿਆਜ਼ਬੋ ਦਾ ਬੂਟਾ ਪੁੰਗਰ ਆਉਂਦਾ ਏ । ਮੈਂ ਉਹਦੇ ਨਾਲ ਗਮਲਾ ਰਖਵਾ ਦਿੰਦੀ ਹਾਂ । ਕੁਝ ਦਿਨਾਂ ਬਾਅਦ ਜਦੋਂ ਮੈਂ ਫਿਰ ਉਹਨਾਂ ਵੱਲ ਗਈ, ਕਹਿਣ ਲੱਗੇ, ਉਹ ਆਪਣਾ ਨਿਆਜ਼ਬੋ ਦਾ ਪੌਦਾ ਲੈ ਜਾਈਂ । ਮੈਂ ਕਿਹਾ, "14 ਅਗਸਤ ਨੂੰ ਇਹ ਬੂਟਾ ਵੀ ਲਵਾਂਗੀ ਤੇ ਇਮਰੋਜ਼ ਜੀ ਦੀ ਬਣਾਈ ਪੇਂਟਿੰਗ ਵੀ ਜਿਸ ਦੀ ਇਕ ਮਹੀਨਾ ਪਹਿਲਾਂ ਫ਼ਰਮਾਇਸ਼ ਕੀਤੀ ਸੀ, (ਇਸ ਦਿਨ ਕਿਸੇ ਨਾਲ ਮੇਰੀ ਦੋਸਤੀ ਦੇ 25 ਵਰ੍ਹੇ ਪੂਰੇ ਹੋ ਜਾਣਗੇ, ਤੇ ਇਸ ਪੇਂਟਿੰਗ ਵਿੱਚ ਉਹ ਛਿਣ ਕੈਦ ਹੈ ਜਦੋਂ ਇਮਰੋਜ਼ ਜੀ ਨੇ ਪਹਿਲੀ ਵੇਰ ਅੰਮ੍ਰਿਤਾ ਜੀ ਦੇ ਪਟੇਲ ਨਗਰ ਵਾਲੇ ਘਰ ਵਿੱਚ ਉਹਨਾਂ ਦੇ ਹੱਥੋਂ ਪਰਸਿਆ ਖਾਣਾ ਖਾਧਾ ਸੀ – ਪਿੱਤਲ ਦੀ ਥਾਲੀ, ਇਕ ਰੋਟੀ, ਇਕ ਸਬਜ਼ੀ । ਸਾਹਮਣੇ ਪਿਆ ਪਿੱਤਲ ਦਾ ਪਤੀਲਾ । ਸਾਦਗੀ, ਸੁਹਜ, ਸਹਿਜ ਅਤੇ ਖ਼ੂਬਸੂਰਤੀ ਦਾ ਦਿੱਵ ਸੁਮੇਲ) 14 ਅਗਸਤ ਨੂੰ ਮੈਂ ਉਹਨਾਂ ਵੱਲ ਗਈ, ਹੇਠਾਂ ਵਿਹੜੇ ਵਿੱਚ ਲਿਆ ਕੇ ਧਰੇ ਨਿਆਜ਼ਬੋ ਦੇ ਗਮਲੇ ਨੂੰ ਚੁੱਕ ਕੇ ਗੱਡੀ ਵਿੱਚ ਰੱਖਿਆ ਤੇ ਪੇਂਟਿੰਗ ਲੈਣ ਲਈ ਉੱਤੇ ਵੱਲ ਨੂੰ ਜਾਣ ਲਈ ਮੁੜੀ ਹੀ ਸਾਂ ਕਿ ਅਲਕਾ ਕਹਿਣ ਲੱਗੀ – ਉੱਤੇ ਕੋਈ ਨਹੀਂ । ਅੰਮੀ ਜੀ ਹਾਸਪਿਟਲ ਐਡਮਿਟ ਹਨ । ਬਾਬਾ ਜੀ ਵੀ ਉੱਥੇ ਹਨ । ਅੰਮੀ ਜੀ ਦਾ ਬਲੱਡ ਪ੍ਰੈਸ਼ਰ ਬਹੁਤ ਵੱਧ ਗਿਆ ਸੀ । ਉਹਨਾਂ ਨੂੰ ਵੇਖਣ ਗਈ । ਉਹਨਾਂ ਦੀ ਕਮਜ਼ੋਰ ਸਿਹਤ, ਮੁੰਦੀਆਂ-ਮੁੰਦੀਆਂ ਅੱਖਾਂ ਵੇਖ ਰਹਿ-ਰਹਿ ਕੇ ਅੱਖਾਂ ਭਰ ਆਉਣ ਤੇ ਮੁੜ-ਮੁੜ ਰੱਬ ਅੱਗੇ ਅਰਦਾਸ ਕਰਾਂ – ਪਰਵਰ-ਦਿਗਾਰ ! ਅੰਮ੍ਰਿਤਾ ਜੀ ਨੂੰ ਤੰਦਰੁਸਤ ਕਰ ! ਅਜੇ ਕਈ ਵਰ੍ਹੇ ਉਹਨਾਂ ਦੀ ਸਾਨੂੰ, ਸਾਡੇ ਸਮਾਜ ਨੂੰ ਲੋੜ ਹੈ । ਉਹਨਾਂ ਦੀਆਂ ਕਿਤਾਬਾਂ ਨੇ ਅਜੇ ਹਜ਼ਾਰਾਂ ਲੋਕਾਂ ਦੀ ਨੁਮਾਇੰਦਗੀ ਕਰਨੀ ਏ, ਰਾਹ ਰੌਸ਼ਨ ਕਰਨਾ ਏ । ਏਹੋ ਜਿਹੀਆਂ ਹਸਤੀਆਂ ਤਾਂ ਰੱਬਾ ਤੂੰ ਸਦੀਆਂ ਬਾਅਦ ਭੇਜਦਾ ਏਂ ! ਇਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਤਕਲੀਫ਼ ਤੋਂ ਬਚਾ । ਇਨ੍ਹਾਂ ਦਾ ਨਿੱਘ ਹਮੇਸ਼ਾਂ ਮਿਲਦਾ ਰਹੇ । ਕਈ ਵਾਰ ਉਹਨਾਂ ਨੇ ਮੇਰੇ ਅੱਥਰੂ ਪੂੰਝੇ ਹਨ, ਮੈਨੂੰ ਗਲਵੱਕੜੀ ਵਿੱਚ ਲਿਆ ਹੈ, ਢਾਰਸ ਬਝਾਇਆ ਏ । ਪਿੱਛੇ ਜਿਹੇ ਇਟਾਰਸੀ ਤੋਂ ਦਿਨੇਸ਼ ਦਿਵੇਦੀ ਹੋਰੀਂ ਆਏ ਹੋਏ ਸਨ – ਰਾਜੇਸ਼ ਵੀ ਉੱਥੇ ਸੀ ਤੇ ਗੱਲ ਚੱਲ ਪਈ ਭਗਤ ਸਿੰਘ ਦੀ । ਅੰਮ੍ਰਿਤਾ ਜੀ ਨੇ ਕੋਈ ਕਿਤਾਬ ਲੱਭੀ । ਉਸ ਵਿੱਚੋਂ ਮਾਸੂਦ ਮੁਨੱਵਰ ਦੀ ਲਿਖੀ ਭਗਤ ਸਿੰਘ ਘੋੜੀ ਪੜ੍ਹ ਕੇ ਗਾਉਣ ਲੱਗੇ – ਹੌਲੀ-ਹੌਲੀ ਉਹਨਾਂ ਦੀ ਆਵਾਜ਼ ਅੱਥਰੂਆਂ ਵਿੱਚ ਭਿੱਜਦੀ ਗਈ ਤੇ ਮੈਂ ਇਸ ਅਹਿਸਾਸਮੰਦ ਸ਼ਾਇਰਾ, ਹੱਸਾਸ ਦਿਲ ਔਰਤ ਦੀਆਂ ਭਾਵਨਾਵਾਂ ਅੱਗੇ ਸੀਸ ਨਿਵਾਉਂਦੀ ਗਈ । ਕਹਿਣ ਲੱਗੇ – ਪਤਾ ਨਹੀਂ ਕਿਉਂ ਜਦ ਵੀ ਭਗਤ ਸਿੰਘ ਦੀ ਘੋੜੀ ਨੂੰ ਗਾਉਂਦੀ ਹਾਂ ਮੇਰੇ ਉੱਤੇ ਇਹੀ ਆਲਮ ਤਾਰੀ ਹੁੰਦਾ ਹੈ । ਉਸ ਦੀਆਂ ਕੁਰਬਾਨੀਆਂ ਨੂੰ ਲੋਕੀਂ ਭੁੱਲੀ ਬੈਠੇ ਹਨ । ਇਸੇ ਤਰ੍ਹਾਂ ਮੇਰੀ ਅੰਮ੍ਰਿਤਾ ਦੇ ਬਹੁਤ ਚਾਹੁਣ ਵਾਲੇ ਹਨ ਪਰ ਅਜੇ ਵੀ ਉਸ ਦੀ ਦੇਣ ਦੀ ਸਹੀ ਕਦਰ ਨਹੀਂ ਪਈ ।

ਅੱਜ ਸਵੇਰੇ-ਸਵੇਰੇ ਅੰਮ੍ਰਿਤਾ ਜੀ ਨੂੰ ਮਿਲਣ ਗਈ । ਉਹਨਾਂ ਨੂੰ ਉਹਨਾਂ ਦੇ ਪੁਰਾਣੇ ਰੌਂਅ ਵਿੱਚ ਵੇਖ ਕੇ ਮਨ ਖਿੜ ਉੱਠਿਆ ਤੇ ਰਾਤ ਭਰ ਹੋਠਾਂ ਵਿੱਚੋਂ ਨਿਕਲਦੀ ਦੁਆ ਨੂੰ ਪੂਰਾ ਹੁੰਦੇ ਵੇਖ ਉਸ ਪਰਵਰਦਿਗਾਰ ਦਾ ਸ਼ੁਕਰੀਆ ਅਦਾ ਕੀਤਾ । ਇਸ ਵੇਲੇ ਇਮਰੋਜ਼ ਜੀ ਵੱਲੋਂ ਦਿੱਤੀ ਅੰਮ੍ਰਿਤਾ ਜੀ ਦੀ ਪੁਸਤਕ 'ਓਸ਼ੋ ਰੰਗ ਮਜੀਠੜਾ' ਮੇਰੇ ਹੱਥਾਂ ਵਿੱਚ ਹੈ । (ਜਿਸ ਦੇ ਪਹਿਲੇ ਪੰਨੇ ਉੱਤੇ ਉਹਨਾਂ ਲਿਖਿਆ ਹੈ ਅੰਮ੍ਰਿਤਾ ਦੀ ਤੇ ਮੇਰੀ ਵੀ ਛੇਵੀਂ ਧੀ ਅਮੀਆ ਕੁੰਵਰ ਲਈ) । ਅੰਮ੍ਰਿਤਾ ਜੀ ਦੇ ਇਸ ਨਵੇਂ ਮਜੀਠੜੇ ਰੰਗ ਵਿੱਚ ਮੈਂ ਰੰਗੀ ਜਾ ਰਹੀ ਹਾਂ – ਆਪਣਾ ਆਪਾ ਭੁੱਲਦੀ ਜਾ ਰਹੀ ਹਾਂ । ਜਿੱਥੇ ਅੰਮ੍ਰਿਤਾ ਜੀ ਇਹਨੂੰ ਲਿਖਣ ਵੇਲੇ ਓਸ਼ੋਮਈ ਹੋ ਗਏ, ਮੈਂ ਅੰਮ੍ਰਿਤਾਮਈ ਹੁੰਦੀ ਜਾ ਰਹੀ ਹਾਂ ।

—o—

# ਦੋ ਗੀਤ

*ਪ੍ਰਿੰ. ਨਵਰਾਹੀ ਘੁਗਿਆਣਵੀ*

## ਲੱਛੀ

ਨਵਾਂ ਨਵਾਂ ਹੋਇਆ ਸੀ ਵਿਆਹ ਲੱਛੀ ਦਾ ।
ਸਹਿਮ ਨਾਲ ਸੁੱਕਦਾ ਸੀ ਸਾਹ ਲੱਛੀ ਦਾ ।

ਸੁਹਲ ਜਿਹੀ ਜਿੰਦੜੀ, ਝਮੇਲਿਆਂ 'ਚ ਪੈ ਗਈ ।
ਲਾਲੀ ਉਹਦੇ ਬੁੱਲ੍ਹਾਂ ਦੀ, ਕਬੀਲਦਾਰੀ ਲੈ ਗਈ ।
ਔਕੜਾਂ ਨੇ ਘੇਰ ਲਿਆ, ਰਾਹ ਲੱਛੀ ਦਾ ।
ਨਵਾਂ ਨਵਾਂ ਹੋਇਆ ਸੀ....

ਸੁਹਣੀ ਸੀ ਬਥੇਰੀ, ਸੁਚਿਆਰੀ ਬਹੁਤ ਸੀ ।
ਦਾਜ ਨਾ ਲਿਆਉਣ ਦੀ ਖ਼ੁਆਰੀ ਬਹੁਤ ਸੀ ।
ਇੱਕੋ ਇਕ ਇਹੀ ਸੀ, ਗੁਨਾਹ ਲੱਛੀ ਦਾ ।
ਨਵਾਂ ਨਵਾਂ ਹੋਇਆ ਸੀ.....

ਸੱਸ ਬੜੀ ਚੰਦਰੀ, ਅਵੱਲੇ ਮਿਹਣੇ ਮਾਰਦੀ ।
ਹੈਂ ਸਿਆਰੀ, ਮਾਣ-ਮੱਤੀ, ਮੂਰਤੀ ਹੰਕਾਰ ਦੀ ।
ਦੱਸੋ, ਕਿਵੇਂ ਹੋਵੇਗਾ, ਨਿਬਾਹ ਲੱਛੀ ਦਾ ।
ਨਵਾਂ ਨਵਾਂ ਹੋਇਆ ਸੀ......

ਨਾਗਣਾਂ ਨਨਾਣਾਂ , ਉਹਦੇ ਮੂੰਹ 'ਚ ਦੇਣ ਛਿੱਬੀਆਂ ।
ਲੀਕਾਂ ਲਾਉਣ ਬਿਦ ਬਿਦ, ਭੈਂਗੀਆਂ ਤੇ ਚਿੱਬੀਆਂ ।
ਮੱਲੋਮੱਲੀ ਨਿਕਲੇ ਤ੍ਰਾਹ ਲੱਛੀ ਦਾ ।
ਨਵਾਂ ਨਵਾਂ ਹੋਇਆ ਸੀ......

ਕੋਈ ਨਾ ਹਮਾਇਤੀ ਉਹਦਾ, ਕੋਈ ਵੀ ਨਾ ਦਰਦੀ ।
ਮਾਹੀ ਪਰਦੇਸ, 'ਕੱਲੀ ਬੈਠ ਹਉਕੇ ਭਰਦੀ ।
ਦੂਤੀਆਂ ਦੇ ਨਾਲ ਪਿਆ ਵਾਹ ਲੱਛੀ ਦਾ ।
ਨਵਾਂ ਨਵਾਂ ਹੋਇਆ ਸੀ......
ਹੋ ਕੇ ਉਪਰਾਮ ਕਰੇ ਯਾਦ ਸੁਹਣੇ ਵੀਰ ਨੂੰ ।
ਆਖੇ, ਕਿਉਂ ਗ੍ਰਹਿਣ ਲੱਗਾ, ਮੇਰੀ ਤਕਦੀਰ ਨੂੰ ।
ਸੂਹਾ ਰੰਗ ਹੋ ਗਿਆ ਸਿਆਹ ਲੱਛੀ ਦਾ ।
ਨਵਾਂ ਨਵਾਂ ਹੋਇਆ ਸੀ.......

ਏਦਾਂ ਨਹੀਂ ਗੁਜ਼ਾਰਾ ਹੋਣਾ, ਜਾਗ ਲੱਛੀਏ !
ਸੁੱਤਿਆਂ ਦੇ ਰਹਿਣ ਸੁੱਤੇ, ਭਾਗ ਲੱਛੀਏ ।
'ਨਵਰਾਹੀ' ਹੌਸਲਾ ਵਧਾਅ ਲੱਛੀ ਦਾ ।
ਨਵਾਂ ਨਵਾਂ ਹੋਇਆ ਸੀ ਵਿਆਹ ਲੱਛੀ ਦਾ ।
ਸਹਿਮ ਨਾਲ ਸੁੱਕਦਾ ਸੀ ਸਾਹ ਲੱਛੀ ਦਾ ।

## ਗੀਤ

ਦੇ ਦੇ ਕਲਮ ਉਧਾਰੀ ਯਾ ਰੱਬ, ਦੇ ਦੇ ਕਲਮ ਉਧਾਰੀ ।
ਮੈਂ ਤੈਥੋਂ ਬਲਿਹਾਰੀ ਯਾ ਰੱਬ, ਮੈਂ ਤੈਥੋਂ ਬਲਿਹਾਰੀ ।

ਤੂੰ ਵਿਧਮਾਤਾ, ਤੂੰ ਸੁਖਦਾਤਾ, ਤੂੰ ਸ਼ਕਤੀ, ਤੂੰ ਚਾਨਣ ।
ਤੇਰੇ ਸਦਕਾ ਜੀਵ ਜਨਾਵਰ, ਰੱਜ ਕੇ ਮੌਜਾਂ ਮਾਣਨ ।
ਆਕਾਸ਼ਾਂ ਵੱਲ ਰਹਿਣ ਝਾਕਦੇ ਬੰਦੇ ਇਹ ਸੰਸਾਰੀ ।
ਦੇ ਦੇ ਕਲਮ ਉਧਾਰੀ ਯਾ ਰੱਬ.......

ਤੂੰ ਚਾਹੇਂ ਤਾਂ ਜਲ ਥਲ ਹੋ ਜਾਏ, ਤੂੰ ਚਾਹੇ ਤਾਂ ਸੋਕਾ ।
ਤੇਰੇ ਅਮਨ ਫ਼ਰਿਸ਼ਤੇ ਹਰ ਥਾਂ, ਦੇਣ ਮੁਹੱਬਤੀ ਹੋਕਾ ।
ਤੂੰ ਕਰਤਾ, ਤੂੰ ਪਾਲਣਹਾਰਾ, ਤੂੰ ਸਭ ਦਾ ਹਿਤਕਾਰੀ ।
ਦੇ ਦੇ ਕਲਮ ਉਧਾਰੀ ਯਾ ਰੱਬ.......

ਹਰ ਗੋਸ਼ੇ ਵਿੱਚ ਜਾਏ ਰੌਸ਼ਨੀ, ਹਰ ਮੁੱਖ ਪਵੇ ਗਰਾਹੀ ।
ਹਾਸਿਲ ਹੋਣ ਸੌਗਾਤਾਂ ਸਭ ਨੂੰ, ਮਿਹਰਾਂ ਹੋਣ ਇਲਾਹੀ ।
ਤੇਰੀ ਝਲਕ ਨੂਰਾਨੀ ਸਾਹਿਬ,ਤੇਰੀ ਸਿਫ਼ਤ ਨਿਆਰੀ ।
ਦੇ ਦੇ ਕਲਮ ਉਧਾਰੀ ਯਾ ਰੱਬ.......

ਮੈਂ ਇਕ ਅੱਤੀ ਨਿਮਾਣਾ ਸ਼ਾਇਰ, ਦਰ ਤੇਰੇ 'ਤੇ ਆਇਆ ।
ਤੇਰਾ ਹਰ ਅਹਿਸਾਨ ਦਾਤਿਆ, ਜਾਂਦਾ ਨਹੀਂ ਚੁਕਾਇਆ ।
ਤੇਰੇ ਤੋਂ ਵਰ ਮੰਗ ਰਿਹਾ ਏ, ਇਕ ਅਲਮਸਤ ਭਿਖਾਰੀ ।
ਦੇ ਦੇ ਕਲਮ ਉਧਾਰੀ ਯਾ ਰੱਬ.......

ਤੇਰੀ ਕਲਮ ਨਾਲ ਮੈਂ ਲਿਖਣੇ, ਭਾਗ ਵਿਚਾਰੇ ਜੱਗ ਦੇ ।
ਹਾਲੀਂ ਤਾਂ ਮੈਂ ਕਰਨਾ ਚਾਹਾਂ, ਦਰਸ਼ਨ ਸਾਰੇ ਜੱਗ ਦੇ ।
'ਨਵਰਾਹੀ' ਤੂੰ ਪਰਮ ਆਤਮਾ, ਪ੍ਰਮੁੱਖ ਪਰਉਪਕਾਰੀ ।
ਦੇ ਦੇ ਕਲਮ ਉਧਾਰੀ ਯਾ ਰੱਬ, ਦੇ ਦੇ ਕਲਮ ਉਧਾਰੀ ।
ਮੈਂ ਤੈਥੋਂ ਬਲਿਹਾਰੀ ਯਾ ਰੱਬ, ਮੈਂ ਤੈਥੋਂ ਬਲਿਹਾਰੀ ।

*ਨਹਿਰ ਨਜ਼ਾਰਾ, ਨਵਾਂ ਹਰਿੰਦਰ ਨਗਰ,*
*ਫਰੀਦਕੋਟ–151203*
*ਪੰਜਾਬ*

# ਵਿਰਾਸਤ

ਡਾ. ਹਰਨੇਕ ਸਿੰਘ 'ਕੋਮਲ'

ਸਿੱਧਾ-ਸਾਦਾ
ਪਾਕਿ-ਦਿਲ
ਖ਼ੁਦਾ ਦਾ ਬੰਦਾ
ਰੁਖ਼ਸਤ ਹੋਇਆ
ਇਸ ਫ਼ਾਨੀ ਸੰਸਾਰ ਦੇ ਵਿੱਚੋਂ
ਉਮਰ ਸਾਰੀ
ਸੱਚ, ਧਰਮ-ਈਮਾਨ ਦਾ ਜਿਸ ਨੇ
ਪਾਠ ਪੜ੍ਹਿਆ
ਪਾਠ ਪੜ੍ਹਾਇਆ
ਸਰਬਤ ਦਾ ਭਲਾ ਮੰਗਿਆ
ਦੁਨੀਆਦਾਰ ਤਾਂ ਬਣਿਆ
ਪਰ ਦੁਨੀਆ ਦੇ
ਕਪਟ-ਜਾਲ ਤੋਂ
ਰਿਹਾ ਉਹ ਬਚ ਕੇ
ਸਫ਼ਰ ਦੇ ਵਿੱਚ
ਰਸਤਾ ਵਿੰਗਾ-ਟੇਢਾ ਵੀ ਸੀ
ਉਹ ਹਮੇਸ਼ਾਂ ਸਿੱਧਾ ਤੁਰਿਆ
ਜੀਵਨ ਦੇ ਵਿੱਚ
ਕਦਮ-ਕਦਮ 'ਤੇ
ਚਿੱਕੜ ਵੀ ਸੀ
ਤਿਲ੍ਹਕਣ ਵੀ ਸੀ
ਦੇਖ ਕੇ ਤੁਰਿਆ
ਸੋਚ ਕੇ ਤੁਰਿਆ
ਸੰਭਲ ਕੇ ਤੁਰਿਆ
ਪੈਸੇ ਖ਼ਾਤਿਰ
ਰੁਤਬੇ ਖ਼ਾਤਿਰ
ਤਿਲ੍ਹਕਿਆ ਨਾ ਉਹ
ਜ਼ਿੰਦਗੀ ਦੇ ਵਿੱਚ
ਕੰਵਲ ਵਾਂਗਰ
ਚਿੱਕੜ ਤੋਂ ਵੀ
ਦਾਮਨ ਸਦਾ ਬਚਾ ਕੇ ਰੱਖਿਆ
ਮਨ ਦੀ ਕੋਰੀ ਚਾਦਰ ਉੱਤੇ
ਦਾਗ਼ ਨਾ ਲੱਗਣ ਦਿੱਤਾ ।
ਧੀਆਂ-ਪੁੱਤਰ
ਅੰਤਿਮ ਰਸਮਾਂ ਪੂਰੀਆਂ ਕਰ ਕੇ
ਫ਼ਰਜ਼ ਨਿਭਾ ਕੇ
ਵਿਹਲੇ ਹੋਏ
ਮਿਲ ਕੇ ਬੈਠੇ
ਜਾਇਦਾਦ ਫਿਰ ਵੰਡਣ ਲੱਗੇ
ਧੀਆਂ-ਪੁੱਤਰ
ਆਪੋ-ਆਪਣਾ ਹਿੱਸਾ ਲੈ ਕੇ
-- ਖ਼ੁਸ਼ ਬੜੇ ਸਨ ।
ਵਿਰਸੇ ਦੇ ਵਿੱਚ
ਜੋ ਵੀ ਮਿਲਿਆ
-- ਸਾਂਭ ਲਿਆ ਸਭ ।

ਪਾਕਿ-ਦਿਲ
ਉਸ ਬੰਦੇ ਨੇ
ਉਮਰ ਸਾਰੀ
ਸਾਂਭ ਕੇ ਰੱਖਿਆ
ਸੱਚ, ਧਰਮ, ਈਮਾਨ ਸੀ ਜਿਹੜਾ
ਕੋਈ ਨਾ ਉਸ ਦਾ ਵਾਰਿਸ ਬਣਿਆ
ਕਿਸੇ ਨਾ ਆਪਣਾ ਹੱਕ ਜਤਾਇਆ
ਧਨ-ਦੌਲਤ ਜਾਇਦਾਦ ਦੇ ਬਣ-'ਗੇ
-- ਵਾਰਿਸ ਸਾਰੇ
ਉਸ ਦੇ ਵਡ-ਪਰਿਵਾਰ ਦੇ ਵਿੱਚੋਂ
ਉਸ ਦੀ
ਉੱਚੀ-ਸੁੱਚੀ
ਸੋਚ ਦਾ ਵਾਰਿਸ
ਕੋਈ ਨਾ ਬਣਿਆ ।

*ਗਲੀ ਵਿਕਾਸ ਪਬਲਿਕ ਸਕੂਲ,*
*ਮਲੋਟ-152107 (ਪੰਜਾਬ)*

# ਕਾਵਿ-ਸੰਗ੍ਰਹਿ 'ਕਾਤਰਾਂ' ਦੀ ਆਲੋਚਨਾ-ਦ੍ਰਿਸ਼ਟੀ

*ਡਾ. ਸਤਵੰਤ ਕੌਰ ਮਠਾੜੂ*

ਡਾ. ਮਹਿੰਦਰ ਕੌਰ ਗਿੱਲ ਆਪਣੇ ਕਾਵਿ-ਸਫ਼ਰ ਦਾ ਆਰੰਭ ਆਪਣੇ ਕਾਵਿ-ਸੰਗ੍ਰਹਿ 'ਕਾਤਰਾਂ' ਤੋਂ ਕਰਦੀ ਹੈ। ਉਸ ਦੀ ਵੱਡ-ਆਕਾਰੀ ਪੁਸਤਕ 'ਹਮਰੀ ਗਤਿ-ਮਿਤਿ' ਵਿੱਚ ਉਸ ਦੇ ਪੰਜ ਕਾਵਿ-ਸੰਗ੍ਰਹਿ ਹਨ – 'ਕਾਤਰਾਂ', 'ਹੁਣ ਤੂੰ ਸਾਲਗ੍ਰਾਮ ਨਹੀਂ', 'ਹਵਾ ਠਹਿਰ ਗਈ', 'ਖੁੱਲ੍ਹੇ ਪਿੰਜਰੇ' ਤੇ ਅੰਤਿਮ 'ਤ੍ਰਾਟਾਂ' (ਜੋ ਅਪ੍ਰਕਾਸ਼ਿਤ ਹੈ)। ਅਸੀਂ ਉਸ ਦਾ ਪਹਿਲਾ ਕਾਵਿ-ਸੰਗ੍ਰਹਿ 'ਕਾਤਰਾਂ' ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ, ਜੋ ਸੰਨ 1977 ਵਿੱਚ ਪਹਿਲਾਂ ਪ੍ਰਕਾਸ਼ਿਤ ਹੋ ਚੁੱਕਿਆ ਸੀ। ਇਸ ਵਿੱਚ ਛੱਤੀ ਕਵਿਤਾਵਾਂ ਹਨ, ਪਰ ਕੁਝ ਕਵਿਤਾਵਾਂ ਦੀ ਚਰਚਾ ਕੀਤੀ ਹੈ।

ਡਾ. ਮਹਿੰਦਰ ਕੌਰ ਗਿੱਲ ਮਹਾਨ ਆਲੋਚਕ, ਗੁਰਬਾਣੀ ਦੀ ਖੋਜਕਾਰ ਅਤੇ ਡੂੰਘੇ ਚਿੰਤਨ ਵਾਲੀ ਅਨੁਭਵੀ ਕਵਿਤਰੀ ਹੈ। ਇਹ ਬਹੁਪੱਖੀ ਵਿਅਕਤਿਤਵ ਦੀ ਧਾਰਨੀ ਹੈ। ਕਵਿਤਰੀ ਦੇ ਕਾਵਿ ਦੀ ਵਿਲੱਖਣਤਾ ਇਹ ਰਹੀ ਹੈ ਕਿ ਉਹ ਇਕ ਬਿੰਦੂ 'ਤੇ ਸਥਿਰ ਨਹੀਂ ਰਹੀ। ਉਸ ਦਾ ਕਾਵਿ ਜਗਤ ਸਮੁੱਚੀ ਨਾਰੀ-ਵੇਦਨਾ-ਸੰਤਾਪ ਨਾਲ ਭਰਪੂਰ ਹੈ। ਉਸ ਦੀ ਕਾਵਿ ਸਿਰਜਣਾ ਵਿਅਕਤੀਗਤ ਸੰਵੇਦਨਾ ਦੀ ਪ੍ਰਕ੍ਰਿਆ ਵਿੱਚ ਵਿਚਰਦੀ ਹੈ ਅਤੇ ਕਦੇ ਸਾਮੂਹਿਕ ਚੇਤਨਾ-ਸੰਵੇਦਨਾ ਵਿੱਚ। ਕਾਵਿ-ਸੰਗ੍ਰਹਿ 'ਕਾਤਰਾਂ' ਵਿਚਲੀਆਂ ਕਵਿਤਾਵਾਂ ਦਾ ਸਰੋਕਾਰ ਜਾਂ ਸੰਬੰਧ ਨਾਰੀ ਦੇ ਅਸਤਿਤਵ ਨਾਲ ਹੈ। ਇਹ ਕਾਵਿ-ਸੰਗ੍ਰਹਿ ਦਾਰਸ਼ਨਿਕ ਚਿੰਤਨ ਨਾਲ ਭਰਪੂਰ ਹੈ, ਜਿਸ ਵਿੱਚ ਜ਼ਿੰਦਗੀ ਦੇ ਗੂੜ੍ਹੇ ਅਰਥ ਸਮੋਏ ਹੋਏ ਹਨ। ਅਨੰਤ ਪੀੜਾ-ਸੰਤਾਪ ਨਾਰੀ ਦੇ ਵਜੂਦ ਨੂੰ ਤਾਰੋ-ਤਾਰ ਕਰ ਦਿੰਦਾ ਹੈ। ਉਹ ਸੱਚ ਨੂੰ ਜਿਊਂਣ ਵਾਲੀ ਤਲਖ਼-ਤਰੋੜੀ ਤੀਵੀਂ ਹੈ, ਜੋ ਜ਼ਿੰਦਗੀ ਨੂੰ ਢੋਂਦੀ ਹੈ, ਜਿਊਂਦੀ ਨਹੀਂ। ਕਵਿਤਰੀ ਦੀਆਂ ਕਵਿਤਾਵਾਂ ਦਾ ਮੂਲ ਆਧਾਰ ਧੁਰਾ ਐਸੀ ਔਰਤ ਹੈ, ਜੋ ਸਮਾਜ ਤੇ ਸਭਿਆਚਾਰ ਨਾਲ ਵਾਸਤਾ ਰੱਖਦੀ ਹੈ ਅਤੇ ਸਥਾਪਤ ਮੁੱਲਾਂ ਲਈ ਵਿਦਰੋਹ ਕਰਨਾ ਲੋਚਦੀ ਹੈ, ਪਰ ਔਰਤ ਅਜੇ ਵੀ ਮਰਦ-ਪ੍ਰਧਾਨ ਸਮਾਜ ਅਧੀਨ ਹੈ। ਤਿੜਕੀ ਨਾਰੀ ਦੇ ਮਨ ਦੀ ਵੇਦਨਾ ਕਵਿਤਾ 'ਪੁਲ' ਵਿੱਚ ਇਉਂ ਹੈ :

*ਕਦੀ-ਕਦੀ ਇਉਂ ਲੱਗਦਾ ਹੈ –*
*ਉਬਲਦਾ ਖੌਲਦਾ ਦਰਿਆ*
*ਜੋ ਪੁਲ ਦੇ ਥੱਲੇ ਵਗਦਾ ਹੈ।*
*ਉਹਨੇ ਮੈਨੂੰ ਫ਼ੀਤੀ-ਫ਼ੀਤੀ ਕੀਤਾ ਏ।*

– ਪੰਨਾ : 34

ਸਮਾਜਕ ਅਸੰਤੁਸ਼ਟਤਾ ਕਾਰਨ ਨਾਰੀ ਜਦੋਂ ਮਾਨਸਿਕ ਤੌਰ ਤੇ ਖੰਡਿਤ ਹੋ ਜਾਂਦੀ ਹੈ ਤਾਂ ਉਹ ਤੜਫਦੀ ਹੈ। ਕਈ ਵਾਰ ਉਹ ਭਰਮ ਵਿੱਚ ਵਿਚਰਦੀ ਰਹਿੰਦੀ ਹੈ, ਜਦੋਂ ਭਰਮ ਜਾਲ ਤੋਂ ਬਾਹਰ ਆਉਂਦੀ ਹੈ ਤਾਂ ਉਸ ਦੇ ਆਲੇ-ਦੁਆਲੇ ਮਾਰੂਥਲੀ ਅੱਗ ਦਾ ਦਰਿਆ ਬਣ ਜਾਂਦਾ ਹੈ। 'ਭਰਮ' ਕਵਿਤਾ ਵਿੱਚ ਉਸ ਦਾ ਮਨ ਕੁਰਲਾ ਉੱਠਦਾ ਹੈ ਜਿਵੇਂ ਕਿ :

*ਸੂਰਜ ਮੇਰਾ ਚੰਦਾ ਮੇਰਾ,*
*ਧਰਤੀ ਵੀ ਹੈ ਮੇਰੀ....*
*ਮੈਂ ਕੰਬੀ....*
*ਜਿਉਂ ਧਰਤੀ 'ਤੇ ਕੰਬਦਾ ਪੱਤਾ ਡਿੱਗੇ*
*ਕਿਉਂ ਭਰਮ ਪਾਲਦਾ ਮਨ ?*

ਭਰਮ ਪੰਨੇ : 45-46

ਉਸਦੀਆਂ ਕਵਿਤਾਵਾਂ ਕਈ ਦ੍ਰਿਸ਼ਟੀਕੋਣਾਂ ਨੂੰ ਪੇਸ਼ ਕਰਦੀਆਂ ਹਨ। ਉਸ ਦੀ ਚੇਤਨਾ ਮਕਾਨ ਅਤੇ ਘਰ ਵਿਚਲਾ ਅੰਤਰ ਮਹਿਸੂਸ ਕਰਦੀ ਹੈ। ਉਹ ਰਿਸ਼ਤਿਆਂ ਵਿੱਚੋਂ ਨਿੱਘ ਦੀ ਘਾਟ ਮਹਿਸੂਸ ਕਰਦੇ ਹੋਏ ਕਹਿ ਉੱਠਦੀ ਹੈ :

*ਇਹ ਕੀ ?*
*ਇਹ ਤਾਂ ਨਿਰਾ ਮਕਾਨ ਹੈ।*
*ਹਰ ਕਮਰਾ ਸਜਿਆ, ਬਹਿਣ ਵਾਲਾ....?*
*ਪਿਆਰ-ਨਿੱਘ ਸਭ ਕਿੱਥੇ ਦੌੜ ਗਏ ?*
*ਜਿਸ ਦੀ ਮੈਨੂੰ ਤਲਾਸ਼ ਸੀ।*
*..............।*

ਮਕਾਨ : ਪੰਨਾ 41

ਕਵਿਤਰੀ ਮਨ ਨੂੰ ਘਰ ਦੀ ਬਹੁਤ ਚਾਹਤ ਸੀ। ਇਸ ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਨਾਰੀ ਦੀ ਅਤ੍ਰਿਪਤੀ, ਪਿਆਸ ਤੇ ਵੇਦਨਾ ਦੇ ਨਾਲ ਭਰਪੂਰ ਹਨ। ਕਵਿਤਰੀ ਸਮਾਜ ਦੇ ਝੂਠੇ ਪਾਖੰਡਾਂ ਨੂੰ ਨਹੀਂ ਕਬੂਲਦੀ, ਪਰ ਉਹ ਇਕ ਲਾਚਾਰ, ਬੇਬਸ ਜ਼ਿੰਦਗੀ ਦਾ ਬੋਝ ਢੋਂਹਦੀ ਰਹੀ। ਆਪਣੀ ਅੰਤਰ-ਪੀੜਾ ਨੂੰ ਵਰ-ਸਰਾਪ ਦੇ ਬਿੰਬਾਂ ਰਾਹੀਂ ਪੇਸ਼ ਕਰਦੀ ਹੈ। ਉਹ ਜ਼ਿੰਦਗੀ ਭਰ ਸਰਾਪ ਹੰਢਾਉਂਦੀ ਰਹੀ। ਇਸ ਦੀ ਮਿਸਾਲ 'ਸਰਾਪਿਆ ਵਰ' ਕਵਿਤਾ ਵਿੱਚ ਦ੍ਰਿਸ਼ਟੀ-ਗੋਚਰ ਹੁੰਦੀ ਹੈ :

*ਮੈਂ ਜਾਣਨਾ ਨਹੀਂ ਚਾਹੁੰਦੀ*
*ਜ਼ਿੰਦਗੀ ਢੋਂਦੀ ਹਾਂ*
*ਜ਼ਿੰਦਗੀ ਦੇ ਅਰਥ, ਵਿਵਰਜਿਤ ਹਨ।*

*..............*

*ਮੇਰੇ ਬੁੱਲ੍ਹ ਸੀਅ ਘੱਤੇ ਹਨ ।*

*ਸਾਹ ਲੈ ਰਹੀ ਹਾਂ ।* ਪੰਨਾ : 38

ਕਈ ਵਾਰ ਕਵਿਤਰੀ ਨੂੰ ਇਹ ਗੱਲ ਮਹਿਸੂਸ ਹੁੰਦੀ ਹੈ ਕਿ ਉਸ ਨੇ ਘਰ ਪਰਿਵਾਰ, ਪ੍ਰਕਿਰਤੀ ਵਿੱਚ ਵਿਲੀਨ ਹੋ ਕੇ ਸਮੇਂ ਨੂੰ ਵਿਅਰਥ ਗੁਆ ਦਿੱਤਾ ਹੈ । 'ਦਹਿਕਦਾ ਸੂਰਜ' ਕਵਿਤਾ ਵਿਚਲੇ ਕਾਲੀ ਬਦਲੀ, ਲਾਲ ਸੂਹਾ ਸੂਰਜ, ਭੱਖਦੀ ਦੁਪਹਿਰ ਦੇ ਬਿੰਬ-ਪ੍ਰਤੀਕਾਂ ਵਿੱਚ ਘਿਰੀ ਹੋਈ ਉਸ ਦੀ ਅੰਤਰ-ਆਤਮਾ ਜਾਪਦੀ ਹੈ । ਉਸ ਦੀ ਕਵਿਤਾ ਵਿੱਚ ਤਰਕ ਤੇ ਕਾਵਿ ਨਾਲੋ-ਨਾਲ ਤੁਰਦੇ ਨਜ਼ਰੀਂ ਆਉਂਦੇ ਹਨ । 'ਰਾਹ' ਕਵਿਤਾ ਦੀਆਂ ਸਤਰਾਂ ਪ੍ਰਸਤੁਤ ਹਨ :

*ਉਹ ਸੜਕ, ਮੈਂ ਜਿਸ 'ਤੇ ਤੁਰਦੀ ਹਾਂ*
*ਚੌਰਾਹੇ 'ਤੇ ਜਾ ਕੇ, ਮੁੱਕ ਜਾਂਦੀ ਹੈ ।*
*...........*
*ਮੈਨੂੰ ਇਸ ਸੜਕ ਤੋਂ,*
*ਉਹ ਰਾਹ ਨਹੀਂ ਲੱਭਦਾ*
*ਜਿਸ 'ਤੇ ਮੈਂ ਜਾਣਾ ਚਾਹੁੰਦੀ ਹਾਂ –*

ਰਾਹ : ਪੰਨੇ 41-42

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦੇ ਅਧਿਐਨ ਤੋਂ ਇਹ ਜਾਪਦਾ ਹੈ ਕਿ ਕਵਿਤਰੀ ਸਮਾਜਕ ਬੰਦਸ਼ਾਂ ਤੋਂ ਮੁਕਤ ਨਹੀਂ । ਉਹ ਮਰਿਆਦਾ ਦੀਆਂ ਸੱਟਾਂ ਨੂੰ ਝੱਲਦੀ ਹੋਈ, ਮਰਿਆਦਾ ਤੋਂ ਬਾਹਰ ਜਾਣ ਦਾ ਹੀਆ ਨਹੀਂ ਕਰਦੀ । ਉਸ ਦੀ ਵੇਦਨਾ ਸੰਤਾਪ ਨੇ ਉਸ ਦੇ ਜੇਰੇ ਦਾ ਘੇਰਾ ਵਧਾ ਦਿੱਤਾ ਹੈ ਅਤੇ ਉਸ ਨੂੰ ਅਨੁਭਵੀ ਬਣਾ ਦਿੱਤਾ ਹੈ । ਉਸ ਦੀ ਕਵਿਤਾ ਦੀਆਂ ਸਤਰਾਂ ਵਿੱਚ ਦਰਸ਼ਨ ਅਤੇ ਅਨੁਭਵ ਝਲਕ-ਝਲਕ ਪੈਂਦਾ ਹੈ – ਜਿਵੇਂ ਉਹ ਕਹਿੰਦੀ ਹੈ :

*ਸੋਚ ਤੇ ਅਮਲ ਦਾ ਤਾਲ ਮੇਲ*
*ਕੋਈ ਜ਼ਰੂਰੀ ਨਹੀਂ ਤੂੰ ਹੀ ਤਾਂ ਆਇਆ ਏਂ*
*.............*
*ਵਾਸਨਾ ਤੇ ਬੰਦਗੀ ਵਿੱਚ*
*ਇਹੋ ਅੰਤਰ ਏ ।*
*.............*
*ਪਾਵਨ ਪਾਵਨ ਨੂੰ ਮਿਲ ਕੇ*
*ਕੁਝ ਸਿਰਜ ਨਹੀਂ ਸਕਦਾ ।*
*............*
*ਸਿਰਜਣ ਦੀ ਸ਼ਕਤ*
*ਪਤਿਤ ਪਾਵਨ ਦਾ ਮੇਲ ਹੈ ।*

ਨਾਰੀ ਦੀ ਤਰਸਯੋਗ ਹਾਲਤ ਕਵਿਤਰੀ ਦੇ ਕਾਵਿ ਦੀ ਉੱਭਰਦੀ ਸੁਰ ਬਣ ਜਾਂਦੀ ਹੈ । ਉਸ ਦੀ ਕਵਿਤਾ ਵਿੱਚੋਂ ਹਰ ਥਾਂ ਦੀ ਮਧੋਲੀ, ਪਿਸੀ ਹੋਈ ਨਾਰੀ ਦਾ ਬਿੰਬ ਉੱਭਰਦਾ ਹੈ । ਭਾਵੇਂ ਘਰ ਹੋਵੇ, ਗਲੀਆਂ, ਬਾਜ਼ਾਰਾਂ, ਸਕੂਲਾਂ–ਕਾਲਜਾਂ, ਦਫ਼ਤਰਾਂ, ਹਸਪਤਾਲਾਂ ਕਿਧਰੇ ਵੀ ਔਰਤ-ਜ਼ਾਤ ਸੁਰੱਖਿਅਤ ਨਹੀਂ ਹੈ । ਆਧੁਨਿਕ ਸਮੇਂ ਵਿੱਚ ਵੀ ਪੜ੍ਹੀ-ਲਿਖੀ ਔਰਤ ਦੀ ਸਥਿਤੀ ਵਿੱਚ ਕੋਈ ਕ੍ਰਾਂਤੀ ਨਹੀਂ ਆਈ । 'ਭੇਦ' ਕਵਿਤਾ ਤੀਵੀਂ-ਮਰਦ ਵਿਚਲੇ ਭੇਦ ਨੂੰ ਉਜਾਗਰ ਕਰਦੀ ਹੈ । ਕਵਿਤਰੀ ਨੇ ਪੁਰਾਤਨ ਕਾਲ ਤੋਂ ਸਮਾਜ ਵਿੱਚ ਨਾਰੀ ਨਾਲ ਹੁੰਦੇ ਭੇਦ-ਭਾਵ ਨੂੰ ਪਛਾਣਿਆ ਹੈ । ਇੱਥੇ ਨਾਰੀ ਵੇਦਨਾ ਨੂੰ ਵਿਅਕਤ ਕੀਤਾ ਹੈ, ਜੋ ਇਕ ਪ੍ਰਸ਼ਨ-ਚਿੰਨ੍ਹ ਰੂਪ 'ਚ ਰੂਪਮਾਨ ਹੁੰਦਾ ਹੈ, ਜਿਵੇਂ :

*ਕਦੀਮੀ ਭੇਦ –*
*ਜੋ ਤੀਵੀਂ ਤੇ ਮਰਦ ਜ਼ਾਤ*
*ਵਿੱਚ ਚਲਿਆ ਆ ਰਿਹਾ ਹੈ*
*ਉਸ ਨੂੰ ਕੌਣ ਮਿਟਾਵੇਗਾ ?*

ਭੇਦ : ਪੰਨਾ 51

ਆਜ਼ਾਦ ਹੋ ਕੇ ਵੀ ਨਾਰੀ ਤ੍ਰਿਸਕਾਰੀ ਜਾਂਦੀ ਹੈ । ਉਸ ਦੀ ਸਥਿਤੀ ਕਿਵੇਂ ਜ਼ਿੱਲਤ ਭਰੀ ਹੈ । ਉਹ ਇਕ ਮਸ਼ੀਨ ਵਾਂਗ ਕੰਮ ਕਰਦੀ ਹੈ । ਉਹ ਤਰਸਦੀ ਹੈ ਕਿ ਕੋਈ ਉਸ ਦੇ ਕੰਮ ਦੀ ਪ੍ਰਸੰਸਾ ਕਰੇ, ਉਸ ਦੀ ਸ਼ੋਭਾ ਕਰੇ । ਜਿਵੇਂ ਇਸ ਕਾਵਿ-ਟੋਟੇ ਵਿੱਚ ਪ੍ਰਗਟ ਹੁੰਦਾ ਹੈ :

*ਸ਼ੋਭਾ ਦੇ ਬੋਲ ?*
*ਨਾ ਘਰ ਨਾ ਬਾਹਰ*
*ਕੰਮਾਂ ਦੀ ਭਰਮਾਰ*
*ਕਦ ਮਿਟ ਜਾਏਗਾ –*
*ਇਹ ਬੁਨਿਆਦੀ ਭੇਦ !*

ਭੇਦ : ਪੰਨਾ 53

ਡਾ. ਮਹਿੰਦਰ ਕੌਰ ਗਿੱਲ ਨੂੰ ਔਰਤ ਦੀ ਸੁਤੰਤਰਤਾ ਇਕ ਖ਼ਬਰ ਵਾਂਗ ਜਾਪਦੀ ਹੈ, ਜੋ ਹਕੀਕਤ ਤੋਂ ਕੋਸੋਂ ਦੂਰ ਹੈ । ਉਸ ਦੀ ਆਜ਼ਾਦੀ ਉੱਤੇ ਵਿਅੰਗ ਕਰਦੀ ਹੈ । ਬੁਨਿਆਦੀ ਭੇਦ-ਭਾਵ ਦੇ ਕਾਰਨ ਉਸ ਨੂੰ ਜਿਉਂਦੀ ਲਾਸ਼ ਸਮਝਦੀ ਹੈ । ਉਹ ਸਿੱਧੇ ਰਾਹ ਤੁਰਨਾ ਚਾਹੁੰਦੀ ਹੈ । ਨਿੱਕੇ ਰਾਹ ਪਗਡੰਡੀ 'ਤੇ ਤੁਰਨ ਤੋਂ ਉਹ ਇਨਕਾਰ ਕਰਦੀ ਹੈ । ਨਿੱਕਾ ਰਾਹ ਛੱਪੜ 'ਚ ਜਾ ਮਿਲਦਾ ਹੈ । ਉਹ ਰੁਕੇ ਹੋਏ ਪਾਣੀ 'ਚ ਢੇਮਾਂ ਮਾਰਦੀ ਹੈ ਤਾਂ ਉਸ 'ਚ ਇਕ ਤਰ੍ਹਾਂ ਦੀ ਹਲਚਲ ਹੁੰਦੀ ਹੈ । ਉਸ ਵਿੱਚ ਗਤੀ ਦਾ ਅਹਿਸਾਸ-ਸੰਕੇਤ ਮਿਲਦਾ ਹੈ । ਉਸ ਨੂੰ ਔਰਤ ਅੰਦਰ ਰੋਕਾਂ, ਮਨਾਹੀਆਂ ਤੇ ਬੰਦਿਸ਼ਾਂ ਦੇ ਵਿਦਰੋਹ ਦਾ ਅਹਿਸਾਸ ਹੁੰਦਾ ਹੈ,

ਜੋ ਉਸ ਦੀ ਨਾਨੀ ਤੇ ਮਾਂ ਦੇ ਰੂਪ 'ਚ ਔਰਤ ਦੀਆਂ ਮਜਬੂਰੀਆਂ ਦਾ ਆਭਾਸ ਜਾਪਦਾ ਹੈ। ਕਈ ਵਾਰ ਇਉਂ ਲੱਗਦਾ ਹੈ ਕਿ ਇਸ ਕਾਵਿ-ਸੰਗ੍ਰਹਿ ਵਿਚਲੀਆਂ ਕਵਿਤਾਵਾਂ ਨਾਰੀ ਦੇ ਜ਼ਖ਼ਮਾਂ ਦੀ ਚੀਸ ਸਹਿ ਰਹੀਆਂ ਹਨ। ਉਹ ਖ਼ੰਜਰ ਦੀਆਂ ਚੋਭਾਂ ਤੋਂ ਵਧੇਰੇ ਜ਼ਖ਼ਮੀ ਹੋਈ ਰੂਹ ਨੂੰ ਆਪਣੇ ਸਬਰ-ਧੀਰਜ ਨਾਲ ਸਹਿਣ ਕਰਨ ਲਈ ਮਜਬੂਰ ਹੈ। 'ਅਭੁੱਲ' ਕਵਿਤਾ ਵਿੱਚ ਕਚਹਿਰੀ ਨੂੰ ਦ੍ਰਿਸ਼ਮਾਨ ਕਰਦੀ ਹੈ ਅਤੇ 'ਵਕਤੀ ਸੱਚ' ਕਵਿਤਾ ਉਸ ਸੱਚ-ਝੂਠ ਦੇ ਵਿਰੋਧ ਵਿੱਚ ਘਿਰੀ ਹੋਈ, ਵਕਤੀ ਸੱਚ ਨੂੰ ਪਛਾਣਨ ਦਾ ਯਤਨ ਕਰਦੀ ਹੈ। ਜਿਵੇਂ –

*ਚੌਰਾਹਾ ਮੇਰੇ ਵਿਰੋਧ ਨੂੰ ਸਮਝ ਗਿਆ*
*ਤੈਨੂੰ ਸਚਿਆਈ ਦੀ ਸਮਝ ਕਿੱਥੇ ?*
*ਜਾਹ !*
*ਪਹਿਲੇ ਵਕਤੀ ਸੱਚ ਦੀ ਪਛਾਣ ਕਰ ॥*

ਵਕਤੀ ਸੱਚ : ਪੰਨਾ 79

ਕਵਿਤਰੀ ਦੀ ਅਗਲੀ ਕਵਿਤਾ 'ਅੰਤਰ-ਅਹਿਸਾਸ' ਵਿੱਚ ਜੋ ਅਹਿਸਾਸ ਹਨ, ਉਹ ਉਸ ਨੂੰ ਅਮਰਤਾ ਪ੍ਰਦਾਨ ਕਰਨ ਯੋਗ ਹੈ। ਇਹ ਅਦੁੱਤੀ ਕਵਿਤਾ ਹੈ। ਇਹ ਕਵਿਤਾ ਪੂਰੇ ਵਿਸ਼ਵ-ਕਾਵਿ ਦੇ ਪ੍ਰਸੰਗ ਵਿੱਚ ਵਾਚੀ ਜਾ ਸਕਦੀ ਹੈ। ਇਹ ਕਵਿਤਾ ਵੱਖਰਾ ਸੁਰ ਰੱਖਦੀ ਹੈ। ਇਸ ਦਾ ਵਿਸ਼ਾ ਬੱਚੇ ਦੀ ਆਮਦ, ਨਵਜੰਮੇ ਬੱਚੇ ਦੀ ਮੌਤ, ਭਰੂਣ-ਹੱਤਿਆ ਆਦਿ ਵਿਸ਼ੇ ਨਾਲ ਜੁੜਿਆ ਹੈ। ਪਰ ਫਿਰ ਵੀ ਇਹ ਕਵਿਤਾ ਵਿਪਰੀਤ ਸਥਿਤੀ 'ਚ ਵਿਚਰਦੀ ਹੈ। ਆਪਣੀ ਚਾਹਤ ਦਾ ਬੀਜ ਕੁੱਖ ਵਿੱਚ ਪੁੰਗਰਨ, ਬੱਚੇ ਦੇ ਅਹਿਸਾਸ ਨੂੰ ਮੰਨਣਾ ਤੇ ਇਕ ਤਰ੍ਹਾਂ ਦੀ ਤ੍ਰਿਪਤੀ ਸਕੂਨ, ਰਜੇਵੇਂ ਅਤੇ ਸਾਰਥਕਤਾ ਨੂੰ ਪ੍ਰਗਟ ਕਰਦੀ ਹੈ।

ਇਸ ਕਾਵਿ-ਸੰਗ੍ਰਹਿ 'ਕਾਤਰਾਂ' ਦੀ ਅੰਤਮ ਕਵਿਤਾ 'ਕਾਤਰਾਂ' ਜੋ ਨੌਂ ਭਾਗਾਂ ਵਿੱਚ ਹੈ। ਇਸ ਕਵਿਤਾ ਵਿੱਚ ਪੇਸ਼ ਹੋਈ ਔਰਤ ਉਦਾਸ ਮਾਨਸਿਕਤਾ ਵਾਲੀ ਹੈ। ਔਰਤ ਜ਼ਾਤ ਦਾ ਲਗਾਤਾਰ ਗਤੀਸ਼ੀਲ ਰਹਿਣ ਦਾ ਜਨੂੰਨ, ਆਪੇ ਦੀ ਤਲਾਸ਼, ਆਪੇ ਦਾ ਵਿਸ਼ਲੇਸ਼ਣ ਅਤੇ ਕਿਧਰੇ ਆਪੇ ਨੂੰ ਭੁੱਲਣ ਦਾ ਅਹਿਸਾਸ ਦੇਂਦੀਆਂ ਹਨ। ਇਸ ਕਵਿਤਾ ਵਿੱਚ ਔਰਤ ਇਕੱਲੀ, ਇਕਲਾਪੇ ਤੇ ਮਾਯੂਸੀ ਨੂੰ ਭੋਗਦੀ ਹੈ ਅਤੇ ਸਮਾਜ ਵੱਲੋਂ ਸਥਾਪਤ ਮਰਿਆਦਾ ਨੂੰ ਹੀ ਆਪਣੀ ਨੀਯਤੀ ਮੰਨ ਲੈਂਦੀ ਹੈ ਜਿਵੇਂ :

*ਸ਼ਬਦ-ਚੇਪੀਆਂ ਚੁਣਦੀ ਤੀਵੀਂ*
*ਕਤਰ ਕਤਰ ਕੱਟੀ ਹੋਈ*
*ਟਾਕੀ ਬਣ ਕੇ ਜਿਉਂ ਲੈਂਦੀ ਹੈ*
*ਜ਼ਿੰਦਗੀ ਵਿੱਚ ਅਜੇ ਤੱਕ ਉਸ ਦੀ ਥਾਂ*
*ਕਾਤਰ ਤੋਂ ਵੱਧ ਨਹੀਂ।* ਕਾਤਰਾਂ – ਪੰਨਾ 106

ਇਸ ਤਰ੍ਹਾਂ ਅਸੀਂ 'ਕਾਤਰਾਂ' ਕਾਵਿ-ਸੰਗ੍ਰਹਿ ਦੇ ਅਧਿਐਨ ਉਪਰੰਤ ਇਸ ਸਿੱਟੇ ਉੱਤੇ ਪੁੱਜੇ ਹਾਂ ਕਿ ਇਸ ਦੀਆਂ ਕਵਿਤਾਵਾਂ ਸੱਚ ਦੀ, ਔਰਤ ਦੇ ਦੁੱਖ-ਸੰਤਾਪ, ਉਸ ਦੀ ਤ੍ਰਾਸਦੀ ਦਾ ਰਾਗ ਅਲਾਪਦੀਆਂ ਹਨ। ਇਨ੍ਹਾਂ ਵਿੱਚ ਇਕ ਵਿਰੋਧਾਭਾਸੀ ਸੱਚ ਹੈ, ਜਿਸ ਵਿੱਚ 'ਵਰ ਤੇ ਸਰਾਪ' ਅੰਮ੍ਰਿਤ ਤੇ ਬਿਖ, ਭੋਗ ਤੇ ਅਭੋਗ, ਨੇਮ ਤੇ ਅਨੇਮ ਆਦਿ ਇਕੋ ਸਮੇਂ ਵਿਦਮਾਨ ਹਨ, ਜੋ ਜ਼ਿੰਦਗੀ ਵਿੱਚ ਸਿਰਜਣਾ ਦੀ ਸੰਭਾਵਨਾ ਜਾਗਰਿਤ ਕਰਨ ਦਾ ਯਤਨ ਕਰਦੇ ਹਨ। ਅਜਿਹਾ ਸੱਚ, ਜਿਸ ਵਿੱਚ ਨਾਰੀ ਦੀ ਉਦਾਸੀ ਕੇਂਦ੍ਰਿਤ ਹੈ। ਉਸ ਦੀ ਕੁਚਲੀ ਹੋਈ ਆਤਮਾ ਦੀ ਵਿਥਿਆ-ਗਾਥਾ ਬਿਆਨ ਹੈ।

ਕੁਲ ਮਿਲਾ ਕੇ ਇਹ ਕਾਵਿ-ਸੰਗ੍ਰਹਿ ਕਵਿਤਰੀ ਨੂੰ ਅਗਲੇ ਪੜਾਅ 'ਚ ਪਹੁੰਚਾਂਦਾ ਹੈ।

*ਐਫ–7, ਮਾਨਸਰੋਵਰ ਗਾਰਡਨ,*
*ਨਵੀਂ ਦਿੱਲੀ–110015*

## ਮੁਸਕਾਨ

**ਸੁੰਦਰ ਪਾਲ ਪ੍ਰੇਮੀ**

ਜਗ ਵਿੱਚ ਚੱਲ ਰਿਹਾ ਘਮਸਾਨ ਮਿੱਤਰੋ।
ਆਤਮਾ ਤੋਂ ਦੂਰ ਹੋਇਆ ਇਨਸਾਨ ਮਿੱਤਰੋ।

ਟਾਂਵਾਂ-ਟਾਂਵਾਂ ਮਿਲਦਾ ਹੈ ਪਾਂਧੀ ਸੱਚ ਦਾ,
ਹਾਵੀ ਹੋਇਆ ਮਨ 'ਤੇ ਸ਼ੈਤਾਨ ਮਿੱਤਰੋ।

ਇੱਥੇ ਪੁੱਛ-ਗਿੱਛ ਨਹੀਂ ਇਮਾਨਦਾਰੀ ਦੀ,
ਚਾਰੇ ਪਾਸੇ ਬਣਿਆ ਕੂੜ ਪ੍ਰਧਾਨ ਮਿੱਤਰੋ।

ਮਾਇਆ ਪਿੱਛੇ ਪਾਗਲ ਹੋਇਆ ਫਿਰੇ ਬੰਦਾ,
ਰਿਸ਼ਤਿਆਂ ਦੀ ਕਰੇ ਨਾ ਪਛਾਣ ਮਿੱਤਰੋ।

ਮਾੜੇ ਬੰਦੇ ਨੂੰ ਬੰਦਾ, ਬੰਦਾ ਨਾ ਸਮਝੇ,
ਇਹਦੇ ਖ਼ੂਨ ਵਿੱਚ ਛੂਕਦਾ ਗੁਮਾਨ ਮਿੱਤਰੋ।

ਨਾ ਨਜ਼ਰ ਸਿੱਧੀ ਨਾ ਮਨ ਸਾਫ਼ ਹੈ ਉਸ ਦਾ,
ਵਿਖਾਵੇ ਤੋਂ ਹੈ ਧਰਮੀ ਇਨਸਾਨ ਮਿੱਤਰੋ।

ਚਾਰੇ ਪਾਸੇ ਪਾਇਆ ਹੈ ਭੁਚਾਲ ਬੰਦੇ ਨੇ,
ਇਹ ਦੇ ਲੱਛਣਾਂ ਤੋਂ ਔਖਾ ਭਗਵਾਨ ਮਿੱਤਰੋ।

ਚੰਗੇ ਅਮਲਾਂ ਦਾ ਬਣੇ ਜੇ ਆਸ਼ਕ ਬੰਦਾ,
'ਪ੍ਰੇਮੀ' ਕਹੇ ਜ਼ਿੰਦ ਬਣੂ ਮੁਸਕਾਨ ਮਿੱਤਰੋ।

*ਨਜ਼ਦੀਕ ਪਾਰਕ, ਜੈਤੋ (ਫਰੀਦਕੋਟ)*
*ਪੰਜਾਬ*

# ਚਾਰ ਨਿੱਕੀਆਂ ਕਵਿਤਾਵਾਂ

ਬਚਿੰਤ ਕੌਰ

## (1) ਤੇਰੀ ਵਫ਼ਾ

ਮੈਂ
ਸ਼ਬਦ ਇਕ
'ਬੇ-ਵਫ਼ਾ'
ਲਿਖ ਦਿੱਤਾ ਸੀ
ਜੋ ਤੇਰੀ
ਪਿੱਠ ਉੱਤੇ
ਬਰਸੋਂ ਪਹਿਲਾਂ
ਉੱਤਰ ਆਇਆ ਹੈ
ਉਹ ਹੁਣ
ਮੇਰੇ ਸੀਨੇ ਉੱਤੇ
ਵਫ਼ਾ ਬਣ ਕੇ ।

## (2) ਮੇਰੀ ਚਾਹਤ

ਓ ਮੇਰੇ
ਬੇ-ਨਾਮ ਰਿਸ਼ਤੇ
ਤੋਂ ਡੂੰਘੇ
ਬਹੁਤ ਦਿੱਤੇ ਹਨ
ਜ਼ਖ਼ਮ ਮੁਹੱਬਤ ਦੇ
ਵਕਤ ਦੇ ਗੁਜ਼ਰ
ਜਾਣ ਪਿੱਛੋਂ ਵੀ
ਜੋ ਭਰਦੇ ਹੀ ਨਹੀਂ ।

## (3) ਦੂਰੀ

ਮੇਰੀ ਦੂਰੀ
ਦਾ ਸ਼ਿਕਵਾ
ਤੇਰੇ ਹੋਠਾਂ
ਉੱਤੇ ਬਾਰ ਬਾਰ
ਆਇਆ ।
ਅਹਿਸਾਸ ਹੋਇਆ ਮੈਨੂੰ
ਏਸ ਦੂਰੀ ਦਾ
ਵਕਤ ਦੇ
ਗੁਜ਼ਰ ਜਾਣ ਪਿੱਛੋਂ ।

## (4) ਇਹ ਸ਼ਾਮ ਬਹੁਤ ਉਦਾਸ ਹੈ

ਇਹ ਸ਼ਾਮ
ਬਹੁਤ ਉਦਾਸ ਹੈ
ਕਿ ਤੂੰ ਨਹੀਂ ਆਇਆ ।
ਭੀੜ ਦਾ
ਇਕ ਦਰਿਆ
ਉਮੜ ਆਇਆ ਹੈ
ਪਰ ਤੂੰ ਨਹੀਂ ਆਇਆ
ਜਾਂ ਫੇਰ ਮੈਂ ਹੀ
ਆ ਖੜੀ ਹਾਂ
ਦੋ-ਰਾਹੇ ਤੇ ?

*12/20, ਈਸਟ ਪਟੇਲ ਨਗਰ,*
*ਨਵੀਂ ਦਿੱਲੀ–110008*



ਕਹਾਣੀ

# ਵਿਹੜੇ ਵਿਚਲਾ ਰੁੱਖ....ਤੇ ਉਹ

ਰਾਜੇਸ਼ ਗੁਪਤਾ

ਵਿਹੜੇ ਵਿੱਚ ਲੱਗਾ ਅਮਰੂਦ ਦਾ ਰੁੱਖ ਹੌਲੀ-ਹੌਲੀ ਹਵਾ ਦੇ ਮੱਧਮ ਬੁੱਲਿਆਂ ਨਾਲ ਹਿੱਲ ਰਿਹਾ ਸੀ। ਪੱਤਿਆਂ ਦੀ ਹਿਲ-ਡੁਲ ਨਾਲ ਇਉਂ ਜਾਪ ਰਿਹਾ ਸੀ ਜਿਵੇਂ ਉਹ ਸਭ ਆਪਸ ਵਿੱਚ ਗੱਲਾਂ ਕਰ ਰਹੇ ਹੋਣ। ਉਹਨਾਂ ਦੀਆਂ ਗੱਲਾਂ ਦਾ ਤਾਂ ਪਤਾ ਨਹੀਂ ਸੀ ਚੱਲ ਰਿਹਾ ਪਰ ਵੀਨਾ ਨੂੰ ਇਉਂ ਜਾਪ ਰਿਹਾ ਸੀ ਜਿਵੇਂ ਉਹ ਉਸ ਦੇ ਬਾਰੇ ਵਿੱਚ ਹੀ ਖੁਸਰ-ਫੁਸਰ ਕਰ ਰਹੇ ਹੋਣ। ਵੀਨਾ ਦਾ ਮੰਨਣਾ ਸੀ ਕਿ ਇਹ ਪੇੜ-ਪੌਦੇ, ਝੀਲ-ਝਰਨੇ, ਨਦੀਆਂ-ਨਾਲੇ, ਸਾਗਰ-ਸਮੁੰਦਰ ਸਭ ਕੁਝ ਰੱਬ ਦੇ ਹੀ ਅੰਗ ਹੁੰਦੇ ਹਨ। ਇਨ੍ਹਾਂ ਨਾਲ ਰੱਬ ਸਾਨੂੰ ਲਾਡ ਲਡਾਉਂਦਾ ਹੈ, ਪਿਆਰ ਕਰਦਾ ਹੈ। ਸਾਡੇ ਵਾਸਤੇ ਖਾਣ-ਪੀਣ ਤੇ ਰਹਿਣ-ਸਹਿਣ ਦਾ ਇੰਤਜ਼ਾਮ ਵੀ ਇਨ੍ਹਾਂ ਆਪਣੇ ਅੰਗਾਂ ਨਾਲ ਹੀ ਕਰਦਾ ਹੈ ਤੇ ਜਦ ਕਦੇ ਉਸ ਨੂੰ ਗ਼ੁੱਸਾ ਆਉਂਦਾ ਹੈ ਤਾਂ ਇਨ੍ਹਾਂ ਹੀ ਆਪਣੇ ਅੰਗਾਂ ਨਾਲ ਸਾਨੂੰ ਸਜ਼ਾ ਵੀ ਦਿੰਦਾ ਹੈ। ਰੱਬ ਕੀ ਹੈ ਅਜੇ ਉਸ ਨੂੰ ਇਸ ਗੱਲ ਦਾ ਤਾਂ ਪਤਾ ਨਹੀਂ ਸੀ ਲੱਗਾ ਪਰ ਰੱਬ ਕੋਈ ਐਸੀ ਸ਼ਕਤੀ ਹੈ ਜੋ ਸੰਸਾਰ-ਰੂਪੀ ਘਰ ਨੂੰ ਆਪਣੇ ਢੰਗ ਆਪਣੀ ਮਰਜ਼ੀ ਮੁਤਾਬਕ ਚਲਾਉਂਦਾ ਹੈ।

ਪਹਿਲਾਂ ਕਦੇ-ਕਦੇ ਉਹ ਕਿਸੇ ਪਾਗ਼ਲ, ਅੰਨ੍ਹੇ, ਲੂਲ੍ਹੇ-ਲੰਗੜੇ ਤੇ ਖ਼ਾਸ ਕਰਕੇ ਮੰਦਬੁੱਧੀ ਤੇ ਹੱਸ ਦਿੰਦੀ ਪਰ ਹੁਣ ਉਹ ਕਦੇ ਵੀ ਐਸਾ ਕਰਮ ਨਾ ਕਰਦੀ ਕਿਉਂਕਿ ਉਸ ਨੂੰ ਇਹ ਲੱਗਦਾ ਕਿ ਇਹ ਪਾਗ਼ਲ ਮੰਦਬੁੱਧੀ ਤੇ ਅਸਹਾਏ ਲੋਕ ਸਭ ਰੱਬ ਦੇ ਹੀ ਬੰਦੇ ਨੇ, ਇਹ ਰੱਬ ਦੀਆਂ ਅੱਖਾਂ ਨੇ, ਰੱਬ ਸਾਰੀ ਦੁਨੀਆ ਨੂੰ ਆਪਣੀਆਂ ਇਨ੍ਹਾਂ ਅੱਖਾਂ ਨਾਲ ਹੀ ਵੇਖਦਾ ਹੈ। ਵੀਨਾ ਦਾ ਇਹ ਮੰਨਣਾ ਸੀ ਕਿ ਇਨ੍ਹਾਂ ਲੋਕਾਂ ਨੂੰ ਛੇੜਣਾ, ਮਜ਼ਾਕ ਕਰਨਾ, ਲੁੱਟਣਾ ਜਾਂ ਠੱਗਣਾ ਬੜੇ ਵੱਡੇ ਅਪਰਾਧ ਹਨ। ਇਹ ਅਪਰਾਧ ਕਿਸੇ ਵਿਅਕਤੀ ਦੇ ਖ਼ਿਲਾਫ਼ ਨਹੀਂ ਸਗੋਂ ਇਹ ਸਮੁੱਚੀ ਇਨਸਾਨੀਅਤ ਦੇ ਖ਼ਿਲਾਫ਼ ਹਨ। ਇਹ ਅਪਰਾਧ ਕਰਨ ਵਾਲਾ ਵਿਅਕਤੀ ਸਿੱਧਾ ਨਰਕ ਵਿੱਚ ਜਾਂਦਾ ਹੈ। ਰੱਬ ਇਨ੍ਹਾਂ ਵਿਅਕਤੀਆਂ ਦੇ ਰਾਹੀਂ ਕਈ ਵਿਅਕਤੀਆਂ ਦੀ ਗੁਣਵੱਤਾ ਮਾਪ ਲੈਂਦਾ ਹੈ। ਪਹਿਲਾਂ ਕਦੇ ਜਦ ਉਸ ਨੂੰ ਕਿਸੇ ਉਸ ਤੋਂ ਵੱਡੇ ਵਿਅਕਤੀ ਨੇ ਕਿਸੇ ਐਸੇ ਵਿਅਕਤੀ ਤੇ ਹੱਸਣ ਜਾਂ ਛੇੜਣ ਤੋਂ ਮਨ੍ਹਾਂ ਕਰਨਾ ਤਾਂ ਉਹ ਮੂੰਹ ਪਰੇ ਕਰਕੇ ਹੱਸ ਪੈਂਦੀ ਪਰ ਹੁਣ ਜਦ ਦੀ ਉਸ ਨੂੰ ਜੀਵਨ ਦੀ ਸਮਝ ਆਈ ਸੀ ਉਸ ਕਦੇ ਵੀ ਕਿਸੇ ਬਾਰੇ ਮਾੜਾ ਨਹੀਂ ਸੀ ਸੋਚਿਆ, ਛੇੜਣ ਦੀ ਗੱਲ ਤਾਂ ਬਹੁਤ ਦੂਰ ਸੀ।

ਵਿਹੜੇ ਵਿਚਲੇ ਰੁੱਖ ਦੇ ਪੱਤਿਆਂ ਦੀਆਂ ਗੱਲਾਂ ਹੁਣ ਬੰਦ ਹੋ ਚੁੱਕੀਆਂ ਸਨ। ਵਿਹੜੇ ਵਿੱਚ ਹੁਣ ਸ਼ਾਂਤੀ ਸੀ। ਕੋਈ ਵੀ ਪੱਤਾ ਨਹੀਂ ਸੀ ਹਿਲ ਰਿਹਾ। ਕਿਤੋਂ ਸੀ ਤੱਕ ਦੀ ਵੀ ਆਵਾਜ਼ ਨਹੀਂ ਸੀ ਆ ਰਹੀ ਜਿਵੇਂ ਕਲਾਸ ਵਿੱਚ ਕੋਈ ਮਾਸਟਰ ਗ਼ੁੱਸੇ ਵਿੱਚ ਭੁੱਬ ਮਾਰ ਕੇ ਸਾਰੇ ਵਿਦਿਆਰਥੀਆਂ ਨੂੰ ਚੁੱਪ ਕਰਵਾ ਦਿੰਦਾ ਹੈ ਉਵੇਂ ਹੀ ਉਹਨਾਂ ਦੇ ਵਿਹੜੇ ਵਿੱਚ ਵੀ ਚੁੱਪੀ ਛਾਈ ਹੋਈ ਸੀ। ਸਭ ਆਪੋ-ਆਪਣੇ ਵਿੱਚ ਮਗਨ ਸਨ। ਪੱਤਿਆਂ ਦੀ ਚੁੱਪੀ ਨਾਲ ਅਜੀਬ ਜਿਹਾ ਸਹਿਮ ਭਰਿਆ ਮਾਹੌਲ ਬਣਿਆ ਹੋਇਆ ਸੀ।



"ਵੀਨੂ..." ਅਚਾਨਕ ਉਸ ਦੇ ਪਿਓ ਦੀ ਆਵਾਜ਼ ਆਈ। ਉਹ ਕੰਮ ਤੋਂ ਘਰ ਆਇਆ ਸੀ। ਹੁਣ ਵੀਨਾ ਦਾ ਪਿਓ ਘਰ ਬੜੇ ਫੇਰੇ ਮਾਰਦਾ ਸੀ। ਕਿੰਨੀ-ਕਿੰਨੀ ਦੇਰ ਉਹ ਘਰ ਹੀ ਬੈਠਾ ਰਹਿੰਦਾ। ਕਿਉਂਕਿ ਜਦ ਦਾ ਵੀਨਾ ਨੇ ਮੰਜਾ ਫੜਿਆ ਸੀ ਤਦ ਦਾ ਉਸ ਦਾ ਪਿਓ ਉਸ ਦੀ ਬੜੀ ਸੇਵਾ ਕਰਦਾ ਸੀ। ਉਸ ਨੂੰ ਘਰ ਆਉਂਦੇ ਹੀ ਪਹਿਲਾਂ ਆਵਾਜ਼ ਮਾਰਦਾ ਕਿਉਂਕਿ ਪਹਿਲਾਂ ਜਦ ਵੀਨਾ ਠੀਕ ਸੀ ਤਾਂ ਕਦੇ ਵੀ ਉਸ ਵੀਨਾ ਨੂੰ ਨਹੀਂ ਸੀ ਆਵਾਜ਼ ਮਾਰੀ ਤਦ ਤਾਂ ਉਹ ਸਿੱਧਾ ਵੀਨਾ ਦੀ ਮਾਂ ਯਾਨੀ ਕਿ ਆਪਣੀ ਘਰਵਾਲੀ ਨੂੰ ਹੀ ਆਵਾਜ਼ ਮਾਰਦਾ ਸੀ ਵੀਨਾ ਨੂੰ ਤਦ ਕਈ ਵਾਰੀ ਬੜਾ ਬੁਰਾ ਲੱਗਦਾ ਕਿਉਂਕਿ ਉਹ ਸਭ ਤੋਂ ਵੱਧ ਪਿਆਰ ਆਪਣੇ ਪਿਓ ਨੂੰ ਹੀ ਕਰਦੀ ਸੀ। ਉਹ ਕਈ ਵਾਰ ਸੋਚਦੀ ਕਿ ਡੈਡੀ ਸਾਨੂੰ ਕਦੇ ਵੀ ਪਿਆਰ ਨਾਲ ਆਵਾਜ਼ ਨਹੀਂ ਮਾਰਦਾ ਹਮੇਸ਼ਾਂ ਹੀ ਉਹਨਾਂ ਦੀ ਮਾਂ ਨੂੰ ਘਰ ਆਉਂਦੇ ਹੀ ਆਵਾਜ਼ ਮਾਰਦਾ ਤੇ ਉਸ ਦੇ ਕੋਲ ਹੀ ਜਾ ਕੇ ਸੌਂ ਜਾਂਦਾ ਹੈ। ਆਪਾਂ ਵੀ ਤਾਂ ਉਸ ਨਾਲ ਪਿਆਰ ਕਰਦੇ ਹਾਂ ਸਾਡੇ ਕੋਲ ਤਾਂ ਆਉਂਦਾ ਹੀ ਨਹੀਂ। ਕਿੰਨੀ-ਕਿੰਨੀ ਦੇਰ ਜਦ ਉਹ ਕੰਮ ਤੋਂ ਸ਼ਾਮ ਨੂੰ ਵਾਪਿਸ ਆਉਂਦਾ ਤਾਂ ਵੀਨਾ ਤੇ ਉਸ ਦਾ ਭਰਾ ਆਪਣੇ ਪਿਓ ਨੂੰ ਉਡੀਕਦੇ-ਉਡੀਕਦੇ ਸੌਂ ਜਾਂਦੇ ਪਰ ਉਹ ਰਸੋਈ ਵਿੱਚ ਹੀ ਉਹਨਾਂ ਦੀ ਮਾਂ ਨਾਲ ਗੱਲਾਂ ਕਰਦਾ ਸਮਾਂ ਲੰਘਾ ਦਿੰਦਾ। ਪਰ ਜਦ ਦਾ ਵੀਨਾ ਨੇ ਬਿਮਾਰੀ ਨਾਲ ਮੰਜਾ ਫੜਿਆ ਸੀ ਉਹ ਉਸ ਨੂੰ ਬਾਹਰੋਂ ਘਰ ਆਉਂਦੇ ਹੀ ਪਹਿਲੀ ਆਵਾਜ਼ ਮਾਰਦਾ ਤੇ ਸਿੱਧਾ ਉਸ ਦੀ ਮੰਜੀ ਤੇ ਆ ਕੇ ਬੈਠ ਜਾਂਦਾ ਤੇ ਕਦੇ-ਕਦੇ ਤਾਂ ਉਹ ਵੀਨਾ ਦੀ ਮਾਂ ਨਾਲ ਲੜ ਹੀ ਪੈਂਦਾ ਜਦ ਵੀਨਾ ਉਸ ਨੂੰ ਲਾਡ ਨਾਲ ਆਪਣੀ ਮਾਂ ਦੀ ਕਿਸੇ ਲਾਪਰਵਾਹੀ ਬਾਰੇ ਗੱਲ ਕਰਦੀ ਤਾਂ ਉਸ ਦੀ ਮਾਂ ਫਿਰ ਬਗਲਾਂ ਝਾਂਕਦੀ ਫਿਰਦੀ ਤੇ ਵੀਨਾ ਹੀ ਉਸ ਵੇਲੇ ਆਪਣੇ ਪਿਓ ਨੂੰ ਸ਼ਾਂਤ ਕਰਦੀ।

ਕਈ ਵਾਰ ਤਾਂ ਉਹ ਉਸ ਤੇ ਹੱਥ ਚੁੱਕਣ ਤੱਕ ਆ ਜਾਂਦਾ ਪਰ ਹੁਣ ਕੁਝ ਦੇਰ ਤੋਂ ਉਸ ਦਾ ਪਿਓ ਬੜਾ ਨਰਮ ਪੈ ਗਿਆ ਸੀ। ਕਈ ਵਾਰ ਵੀਨਾ ਵੇਖਦੀ ਜਦ ਕਦੇ ਉਸ ਦੀ ਅਚਾਨਕ ਅੱਖ ਖੁੱਲ੍ਹ

ਜਾਂਦੀ, ਸੁੱਤੇ-ਸੁੱਤੇ ਤਾਂ, ਉਸ ਦਾ ਪਿਓ ਲੰਮੇ-ਲੰਮੇ ਟਸੂਏ ਬਹਾ ਕੇ ਰੋ ਰਿਹਾ ਹੁੰਦਾ ਤੇ ਉਸ ਦੀ ਮਾਂ ਵੀ ਲਾਗੇ ਬੁੱਸਿਆ-ਬੁੱਸਿਆ ਜਿਹਾ ਮੂੰਹ ਬਣਾ ਕੇ ਬੈਠੀ ਹੁੰਦੀ ਤੇ ਉਹ ਉਸ ਨੂੰ ਸਮਝਾ ਰਹੀ ਹੁੰਦੀ। ਕੁਝ ਦਿਨਾਂ ਤੋਂ ਉਹ ਵੇਖ ਰਹੀ ਸੀ ਕਿ ਉਸ ਦਾ ਪਿਓ ਬਹੁਤ ਹੀ ਢਿੱਲਾ ਹੋ ਗਿਆ ਸੀ। ਨਾ ਕੁਝ ਬੋਲਦਾ ਤੇ ਨਾ ਹੱਸਦਾ, ਹੱਸਦਾ ਤਾਂ ਸਿਰਫ਼ ਵੀਨਾ ਵੱਲ ਵੇਖ ਕੇ ਪਰ ਵੀਨਾ ਨੂੰ ਆਪਣੇ ਪਿਓ ਦਾ ਉਹ ਹਾਸਾ ਝੂਠਾ ਜਿਹਾ ਜਾਪਦਾ ਪਰ ਉਹ ਵੀ ਹੌਲੇ ਜਿਹੇ ਉਸ ਹਾਸੇ ਨੂੰ ਕਬੂਲ ਕਰ ਲੈਂਦੀ।

ਕੱਲ੍ਹ ਉਸ ਨੂੰ ਚੰਡੀਗੜ੍ਹ ਪੀ.ਜੀ.ਆਈ. ਵਿੱਚ ਵਿਖਾਉਣ ਵਾਸਤੇ ਉਸ ਦਾ ਪਿਓ ਲਿਜਾ ਰਿਹਾ ਸੀ। ਵੀਨਾ ਨੂੰ ਆਪਣੀ ਮਾਂ ਕੋਲੋਂ ਪਤਾ ਲੱਗਾ ਸੀ ਪਤਾ ਨਹੀਂ ਕੀ ਗੱਲ ਸੀ। ਕੁਝ ਦਿਨ ਪਹਿਲਾਂ ਹੀ ਤਾਂ ਉਸ ਦੀ ਪਿੱਠ ਤੇ ਥੋੜ੍ਹਾ ਜਿਹਾ ਦਰਦ ਹੋਇਆ ਸੀ। ਆਪਣੀ ਗਲੀ ਵਾਲੇ ਡਾਕਟਰ ਨੂੰ ਵਿਖਾਇਆ ਸੀ। ਉਸ ਦਵਾਈ ਦੇ ਦਿੱਤੀ ਪਰ ਆਰਾਮ ਨਹੀਂ ਸੀ ਆਇਆ। ਫਿਰ ਸ਼ਹਿਰ ਦੇ ਕਿਸੇ ਚੰਗੇ ਡਾਕਟਰ ਨੂੰ ਵਿਖਾਇਆ। ਪਰ ਫਿਰ ਵੀ ਆਰਾਮ ਨਹੀਂ ਆਇਆ। ਫਿਰ ਪਤਾ ਨਹੀਂ ਕਿਉਂ ਉਹ ਮੰਜੇ ਤੇ ਲੰਮੀ ਪਈ ਤਾਂ ਪੈਂਦੀ ਹੀ ਚੱਲੀ ਗਈ। ਹੌਲੀ-ਹੌਲੀ ਉਸ ਦਾ ਉੱਠਣਾ-ਬੈਠਣਾ ਵੀ ਘੱਟ ਗਿਆ ਸੀ, ਪਰ ਉਸ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਕਈ ਤਰ੍ਹਾਂ ਦੇ ਡਾਕਟਰ, ਮਾਲਸ਼ ਕਰਨ ਵਾਲੇ ਤੇ ਬਾਬੇ ਉਸ ਦਾ ਵਾਰੀ-ਵਾਰੀ ਇਲਾਜ ਕਰ ਚੁੱਕੇ ਸਨ, ਪਰ ਉਸ ਨੂੰ ਕੋਈ ਫ਼ਰਕ ਨਹੀਂ ਸੀ ਪੈ ਰਿਹਾ। ਉਸ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਹ ਮੰਜਾ ਨਹੀਂ ਸੀ ਛੱਡ ਰਹੀ ਜਾਂ ਮੰਜਾ ਉਸ ਨੂੰ ਨਹੀਂ ਸੀ ਛੱਡ ਰਿਹਾ, ਪਰ ਘਰ ਦੇ ਸਾਊ ਵਿਹਾਰ ਨੇ ਉਸ ਨੂੰ ਕੁਝ ਵਹਿਮ ਵਿੱਚ ਪਾ ਦਿੱਤਾ ਸੀ। ਉਹ ਮਨ ਹੀ ਮਨ ਸੋਚਦੀ ਕਿ ਇਕਦਮ ਕੀ ਲੋਹੜਾ ਪੈ ਗਿਆ ਜੋ ਉਸ ਤੋਂ ਉੱਠਿਆ ਵੀ ਨਹੀਂ ਸੀ ਜਾ ਰਿਹਾ। ਕੁਝ ਦਿਨ ਪਹਿਲਾਂ ਉਹ ਇਕ ਸਕੂਲ ਵਿੱਚ ਮਾਸਟਰਾਣੀ ਲੱਗੀ ਹੋਈ ਸੀ। ਉੱਥੇ ਉਹ ਦੌੜਦੀ-ਦੌੜਦੀ ਜਾਂਦੀ ਪਰ ਹੁਣ ਉਸ ਤੋਂ ਉੱਠਿਆ ਵੀ ਨਹੀਂ ਸੀ ਜਾ ਰਿਹਾ।

ਅਮਰੂਦ ਦੇ ਪੱਤੇ ਅਜੇ ਵੀ ਹਿਲ-ਡੁਲ ਕੇ ਗੱਲਾਂ ਕਰ ਰਹੇ ਸਨ। ਇਹ ਅਮਰੂਦ ਦਾ ਰੁੱਖ ਉਸ ਆਪਣੇ ਹੱਥੀਂ ਆਪਣੀ ਦਾਦੀ ਨਾਲ ਮਿਲ ਕੇ ਲਗਾਇਆ ਸੀ ਜਦ ਉਹ ਅਜੇ ਅੱਠ ਵਰ੍ਹਿਆਂ ਦੀ ਸੀ। ਹੁਣ ਤਾਂ ਉਸ ਦੀ ਦਾਦੀ ਨੂੰ ਮਰੇ ਬਾਰ੍ਹਾਂ ਵਰ੍ਹੇ ਹੋ ਗਏ ਸਨ। ਅਮਰੂਦ ਵੱਲ ਵੇਖ ਉਸ ਨੂੰ ਆਪਣੀ ਦਾਦੀ ਦੀ ਬੜੀ ਯਾਦ ਆਉਂਦੀ ਕਿਉਂਕਿ ਉਹ ਉਸ ਨੂੰ ਵਾਂਢੇ ਲੈ ਜਾਂਦੀ ਸੀ ਤੇ ਕਦੇ-ਕਦੇ ਮੇਲਿਆਂ ਵਿੱਚ ਲੈ ਜਾਂਦੀ। ਜਦ ਦੀ ਉਸ ਦੀ ਦਾਦੀ ਮਰੀ ਸੀ ਨਾ ਉਸ ਨੂੰ ਕਿਸੇ ਵਾਂਢੇ ਖੜਿਆ ਸੀ ਤੇ ਨਾ ਉਸ ਨੂੰ ਕਦੇ ਬਾਹਰ ਜਾਣ ਦਿੱਤਾ ਸੀ ਤੇ ਜਦ ਕਦੇ ਉਹ ਕਿਸੇ ਸਹੇਲੀ ਦੇ ਘਰ ਜਾਣ ਦੀ ਗੱਲ ਕਰਦੀ ਤਾਂ ਉਸ ਦਾ ਪਿਓ ਤੇ ਭਰਾ ਉਸ ਨੂੰ ਡੇਲੇ ਕੱਢਣ ਲੱਗ ਜਾਂਦੇ। ਉਸ ਨੂੰ ਆਪਣੇ ਪਿਓ ਤੋਂ ਬੜਾ ਡਰ ਲੱਗਦਾ ਪਰ ਭਰਾ ਜੋ ਉਸ ਤੋਂ ਦੋ ਸਾਲ ਛੋਟਾ ਸੀ ਤੇ ਜਿਸ ਨੂੰ ਉਹ ਦੋ ਥੱਪੜ ਮਾਰ ਕੇ ਠੀਕ ਕਰ ਲੈਂਦੀ। ਭਾਵੇਂ ਉਸ ਦੇ ਬਦਲੇ ਉਹ ਉਸ ਨੂੰ ਪੰਜ-ਸੱਤ ਚੰਡਾਂ ਦੇ ਮਾਰਦਾ ਪਰ ਹੁਣ ਤਾਂ ਕੋਈ ਵੀ ਉਸ ਨਾਲ ਗ਼ੁੱਸੇ ਨਾਲ ਗੱਲ ਨਹੀਂ ਸੀ ਕਰਦਾ। ਸਭ ਉਸ ਨੂੰ ਵੀਨਾ ਦੇ ਬਦਲੇ ਵੀਨੂ-ਵੀਨੂ ਆਖਦੇ। ਉਸ ਨੂੰ ਇਉਂ ਜਾਪਦਾ ਜਿਵੇਂ ਉਹ ਘਰ ਵਿੱਚ ਸਭ ਤੋਂ ਛੋਟੀ ਹੋਵੇ। ਇਹ ਵੇਖ ਉਹ ਵੀ ਛੋਟੇ ਬੱਚਿਆਂ ਵਾਂਗ ਵਿਹਾਰ ਕਰਨ ਲੱਗ ਜਾਂਦੀ।

"ਵੀਨੂ...." ਉਸ ਦੇ ਪਿਓ ਦੀ ਆਵਾਜ਼ ਸੀ।

"ਹਾਂ ਜੀ ਡੈਡੀ" ਵੀਨਾ ਨੇ ਪਿਆਰ ਨਾਲ ਆਪਣੇ ਪਿਓ ਨੂੰ ਜਵਾਬ ਦਿੱਤਾ।

"ਹੁਣੇ ਮੇਰਾ ਬੱਚਾ ਬਿਲਕੁਲ ਠੀਕ ਹੋ ਜਾਵੇਗਾ" ਉਸ ਦੇ ਪਿਓ ਨੇ ਕਿਹਾ ਤੇ ਕੰਧ ਵੱਲ ਮੂੰਹ ਕਰਕੇ ਰੋਣ ਲੱਗ ਪਿਆ।

ਪੀ.ਜੀ.ਆਈ. ਜਾਣ ਤੇ ਤਾਂ ਬੜੀ ਮੁਸ਼ਕਿਲ ਹੋਈ। ਉੱਥੇ ਤਾਂ ਕੋਈ ਉਸ ਨੂੰ ਪੁੱਛ-ਗਿੱਛ ਹੀ ਨਹੀਂ ਰਿਹਾ ਸੀ। ਉੱਥੇ ਤਾਂ ਮਾਂਵਾਂ ਪੁੱਤ ਨਹੀਂ ਸਨ ਸਾਂਭ ਰਹੀਆਂ ਤਾਂ ਉਹਨਾਂ ਦੀ ਕੀ ਔਕਾਤ ਕੋਈ ਉਹਨਾਂ ਦੀ ਵਾਤ ਵੀ ਪੁੱਛੇ। ਪਰਚੀ ਕਟਵਾ ਕੇ ਫਾਈਲ ਬਣਵਾ ਕੇ ਵੀ ਉਹਨਾਂ ਨੂੰ ਕੋਈ ਲਾਗੇ ਨਾ ਲੱਗਣ ਦੇਵੇ। ਲੋਕ ਹਸਪਤਾਲ ਦੇ ਬਾਹਰ ਹੀ ਸਟ੍ਰੇਚਰ ਤੇ ਲੇਟੇ ਹੋਏ ਸਨ। ਬੜੀ ਮੁਸ਼ਕਿਲ ਨਾਲ ਸਿਫ਼ਾਰਸ਼ਾਂ ਪਾ ਕੇ ਉਹ ਅੰਦਰ ਗਏ। ਫਿਰ ਅਗਲੇ ਦਿਨ ਉਸ ਦੇ ਸਾਰੇ ਟੈਸਟਾਂ ਤੋਂ ਬਾਅਦ ਪਤਾ ਲੱਗਾ ਕਿ ਉਸ ਦਾ ਉਪਰੇਸ਼ਨ ਸੀ। ਫਿਰ ਉਪਰੇਸ਼ਨ ਹੋਣ ਤੋਂ ਦੋ ਦਿਨ ਬਾਅਦ ਉਸ ਨੂੰ ਵਾਪਸ ਉਸ ਦੇ ਘਰ ਭੇਜ ਦਿੱਤਾ।

ਉਪਰੇਸ਼ਨ ਤੋਂ ਬਾਅਦ ਉਹ ਚੱਲਣ-ਫਿਰਣ ਵਿੱਚ ਅਸਮਰੱਥ ਹੋ ਗਈ। ਘਰ ਦੇ ਅੰਦਰ ਵੜਦੇ ਹੀ ਉਸ ਦੀ ਨਜ਼ਰ ਵਿਹੜੇ ਵਿਚਲੇ ਅਮਰੂਦ ਦੇ ਰੁੱਖ ਤੇ ਪਈ। ਉਹ ਬਿਲਕੁਲ ਸ਼ਾਂਤ ਸੀ। ਉਸ ਦੇ ਨਾਲ-ਨਾਲ ਸਾਰਾ ਘਰ ਵੀ ਬਿਲਕੁਲ ਸ਼ਾਂਤ ਸੀ। ਉਹ ਐਂਬੂਲੈਂਸ ਦੇ ਸਟ੍ਰੇਚਰ ਤੇ ਲੰਮੇ ਪੈ ਕੇ ਘਰ ਪਰਤੀ ਸੀ। ਡਾਕਟਰ ਨੇ ਉਸ ਨੂੰ ਹੌਲੀ-ਹੌਲੀ ਚੱਲਣ ਦੀ ਸਲਾਹ ਦਿੱਤੀ ਸੀ। ਪਰ ਉਸ ਤੋਂ ਤਾਂ ਉੱਠਿਆ ਵੀ ਨਹੀਂ ਸੀ ਜਾ ਰਿਹਾ। ਫਿਰ ਤੁਰੇ ਤਾਂ ਕਿਵੇਂ ? ਸਾਰਾ ਦਿਨ ਮੰਜੇ ਤੇ ਹੀ ਪਈ ਰਹਿੰਦੀ। ਕਦੇ-ਕਦਾਈਂ ਉਸ ਦਾ ਪਿਓ ਉਸ ਨੂੰ ਉਠਾ ਕੇ ਦਵਾਈ ਦਿੰਦਾ ਜਾਂ ਫਿਰ ਥੋੜ੍ਹੀ-ਬਹੁਤ ਰੋਟੀ ਖੁਆ ਦਿੰਦਾ ਪਰ ਆਪ ਉੱਠਣਾ-ਬੈਠਣਾ ਉਸ ਲਈ ਬੜਾ ਮੁਸ਼ਕਿਲ ਸੀ।

ਮੰਜੇ ਤੇ ਲੰਮੇ ਪਈ ਉਸ ਦੀ ਨਜ਼ਰ ਬਾਰੀ ਥਾਣੀਂ ਅਮਰੂਦ ਦੇ ਰੁੱਖ ਤੇ ਪਈ। ਉਸ ਉੱਤੇ ਦੋ ਪੰਛੀ ਆਪਸ ਵਿੱਚ ਬੈਠੇ ਕਲੋਲਾਂ ਕਰ ਰਹੇ ਸਨ, ਇਕ ਦੂਜੇ ਵਿੱਚ ਆਪਣਾ ਸਿਰ ਮਾਰਦੇ, ਖੰਭ ਖਲਾਰਦੇ ਤੇ ਲਾਡ ਕਰਦੇ। ਪੰਛੀ ਆਪਣੇ ਅੰਦਾਜ਼ ਵਿੱਚ ਹੀ ਕਲੋਲਾਂ ਕਰ ਰਹੇ ਸਨ, ਪਰ ਅਮਰੂਦ ਦਾ ਰੁੱਖ ਬਿਲਕੁਲ ਸ਼ਾਂਤ ਸੀ। ਉਹ ਸ਼ਾਇਦ ਉਹਨਾਂ ਦੇ ਪਿਆਰ ਦਾ ਨਜ਼ਾਰਾ ਲੈ ਰਿਹਾ ਸੀ। ਰੁੱਖ ਨੇ ਇਕ ਵਾਰ ਵੀ ਉਹਨਾਂ ਪੰਛੀਆਂ ਦੇ ਪਿਆਰ ਵਿੱਚ ਖਲਲ ਨਹੀਂ ਸੀ ਪਾਇਆ। ਵੀਨਾ ਉਹਨਾਂ ਪੰਛੀਆਂ ਦੀ ਇਕ-ਦੂਜੇ ਨਾਲ ਛੇੜਛਾੜ ਨੂੰ ਬੜੇ ਗਹੁ ਨਾਲ ਵੇਖ ਰਹੀ ਸੀ। ਉਸ ਦੀ ਸੋਚ ਆਹਿਸਤਾ-ਆਹਿਸਤਾ ਪਿੱਛੇ ਵੱਲ ਨੂੰ ਸਰਕਣ ਲੱਗੀ। ਉਸ ਨੂੰ ਯਾਦ ਆਇਆ ਕਿ ਜਦ ਉਹ ਪਲੱਸ-ਟੂ ਵਿੱਚ ਪੜ੍ਹਦੀ ਸੀ ਤਾਂ ਉਸ ਲਈ ਇਕ ਰਿਸ਼ਤਾ ਆਇਆ ਸੀ। ਲੜਕਾ ਆਪਣੇ ਘਰ ਵਿੱਚ ਇਕੱਲਾ ਹੀ ਸੀ ਯਾਨੀ ਕਿ ਨਾ ਤਾਂ ਉਸ ਦੀ ਮਾਂ ਸੀ ਤੇ ਨਾ ਪਿਓ, ਤੇ ਨਾ ਹੀ ਭੈਣ ਤੇ ਨਾ ਕੋਈ ਭਰਾ। ਭੈਣ ਤੇ ਭਰਾ ਤਾਂ ਉਸ ਦਾ ਕੋਈ ਸੀ ਹੀ ਨਹੀਂ ਤੇ ਮਾਂ-ਪਿਓ ਉਸ ਦੇ ਕਿਸੇ ਹਾਦਸੇ ਵਿੱਚ ਮਾਰੇ ਗਏ ਸਨ। ਉਸ ਰਿਸ਼ਤੇ ਦੀ ਕਿਸੇ ਦੂਰ ਦੇ ਰਿਸ਼ਤੇਦਾਰ ਨੇ ਦੱਸ ਪਾਈ ਸੀ। ਪਰ ਉਸ ਵੇਲੇ ਨਾ ਤਾਂ ਘਰ ਦੇ

ਹਾਲਾਤ ਠੀਕ ਸਨ ਤੇ ਨਾ ਹੀ ਉਸ ਦੇ ਮਾਪੇ ਇਸ ਲਈ ਤਿਆਰ ਸਨ। ਇਹ ਲਗਭਗ ਤਿੰਨ ਕੁ ਵਰ੍ਹਿਆਂ ਦੀ ਗੱਲ ਸੀ। ਪਰ ਉਸ ਤੋਂ ਬਾਅਦ ਉਸ ਨੇ ਇਹ ਮਹਿਸੂਸ ਕੀਤਾ ਸੀ ਕਿ ਉਸ ਦੇ ਵਿੱਚ ਇਕ ਅਹਿਮ ਦਾ ਭਾਵ ਆ ਗਿਆ ਸੀ। ਇਸ ਦੇ ਨਾਲ ਉਸ ਨੂੰ ਆਪਣਾ ਵਜੂਦ ਮਹਿਸੂਸ ਹੋਣ ਲੱਗ ਪਿਆ ਸੀ। ਇਕ ਵਾਰ ਤਾਂ ਉਸ ਦੇ ਮਨ ਵਿੱਚ ਵਿਆਹ ਦੇ ਹਿਲੋਰੇ ਆਉਣ ਲੱਗ ਗਏ ਸਨ। ਲਾਗਲੇ ਘਰਾਂ ਦੀਆਂ ਕੁੜੀਆਂ ਨੂੰ ਜਦ ਪਤਾ ਲੱਗਾ ਤਾਂ ਉਹ ਉਸ ਨੂੰ ਛੇੜਣ ਲੱਗ ਪਈਆਂ ਸਨ। ਪਰ ਉਹ ਗੱਲ ਕਿਸੇ ਵੀ ਸਿਰੇ ਨਹੀਂ ਸੀ ਲੱਗੀ।

ਅਮਰੂਦ ਦਾ ਰੁੱਖ ਅਜੇ ਵੀ ਸ਼ਾਂਤ ਸੀ। ਉਹ ਉਹਨਾਂ ਪੰਛੀਆਂ ਦੀਆਂ ਕਲੋਲਾਂ ਦਾ ਆਨੰਦ ਲੈ ਰਿਹਾ ਸੀ। ਪੰਛੀ ਅਜੇ ਵੀ ਇਕ-ਦੂਜੇ ਨਾਲ ਗੱਲਾਂ ਕਰ ਰਹੇ ਸਨ। ਵੀਨਾ ਤੇ ਰੁੱਖ ਨੂੰ ਸ਼ਾਇਦ ਉਹਨਾਂ ਪੰਛੀਆਂ ਦੀਆਂ ਗੱਲਾਂ ਸਮਝ ਆ ਰਹੀਆਂ ਸਨ ਤਾਂ ਹੀ ਉਹ ਦੋਵੇਂ ਉਸ ਨਜ਼ਾਰੇ ਨੂੰ ਲਗਾਤਾਰ ਖ਼ਾਮੋਸ਼ੀ ਨਾਲ ਵੇਖ ਰਹੇ ਸਨ। ਵੀਨਾ ਦੇ ਦਿਮਾਗ਼ ਵਿੱਚ ਉਹ ਲੜਕਾ ਹੀ ਘੁੰਮ ਰਿਹਾ ਸੀ। ਉਸ ਨੂੰ ਜਾਪਦਾ ਸੀ ਜੇਕਰ ਉਸ ਦਾ ਵਿਆਹ ਉਸ ਲੜਕੇ ਨਾਲ ਹੋ ਜਾਂਦਾ ਤਾਂ ਸ਼ਾਇਦ ਉਹ ਵੀ ਉਸ ਨਾਲ ਇਵੇਂ ਹੀ ਗੱਲਾਂ ਕਰ ਹੁੰਦੀ। ਉਸ ਨੂੰ ਇਵੇਂ ਹੀ ਛੇੜ ਰਹੀ ਹੁੰਦੀ ਜਾਂ ਫਿਰ ਉਹ ਉਸ ਨੂੰ ਇਵੇਂ ਹੀ ਛੇੜ ਰਿਹਾ ਹੁੰਦਾ। ਪਰ ਮੈਂ ਤਾਂ ਬਿਮਾਰ ਹਾਂ। ਅਚਾਨਕ ਉਸ ਦੇ ਮਨ ਵਿੱਚ ਆਇਆ। ਫਿਰ ਤਾਂ ਉਹ ਵੀ ਫਾਹ ਵਿੱਚ ਪਿਆ ਹੁੰਦਾ, ਨਾਲੇ ਕੱਢਦਾ ਉਸ ਨੂੰ ਗਾਲ੍ਹਾਂ ਤੇ ਨਾਲੇ ਕੋਸਦਾ ਆਪਣੀ ਕਿਸਮਤ ਨੂੰ, ਪਰ ਕੀ ਪਤਾ ਸੀ ਤਾਂ ਫਿਰ ਸ਼ਾਇਦ ਮੈਂ ਬਿਮਾਰ ਹੀ ਨਾ ਹੁੰਦੀ। ਉਸ ਦੇ ਨਾਲ ਜੁੜ ਕੇ ਸ਼ਾਇਦ ਮੇਰੀ ਕਿਸਮਤ ਵੀ ਠੀਕ ਹੋ ਜਾਂਦੀ। ਮੇਰੇ ਘਰ ਵੀ ਬੱਚੇ ਹੋ ਗਏ ਹੁੰਦੇ, ਕੀ ਪਤਾ ਮੈਂ ਬੱਚਿਆਂ ਦੀ ਕਿਸਮਤ ਨਾਲ ਠੀਕ ਹੋ ਜਾਂਦੀ, ਮੈਨੂੰ ਕੁਝ ਵੀ ਨਾ ਹੁੰਦਾ, ਕੀ ਪਤਾ ਰੱਬ ਮੇਰੇ ਬੱਚੇ ਤੇ ਮੇਰੇ ਘਰ ਵਾਲੇ ਦੀ ਕਿਸਮਤ ਮੇਰੇ ਉੱਪਰ ਵੀ ਮਿਹਰ ਕਰ ਦਿੰਦਾ। ਉਹ ਮੰਜੇ ਤੇ ਪਈ-ਪਈ ਖ਼ਿਆਲਾਂ ਤੇ ਸੁਪਨਿਆਂ ਦੇ ਤਾਣੇ-ਬਾਣੇ ਬੁਣਦੀ ਰਹੀ। ਇਕ ਹੋਰ ਵਿਚਾਰ ਉਸ ਦੇ ਮਨ ਵਿੱਚ ਆਇਆ, ਹਾਂ ਇਹ ਵੀ ਠੀਕ ਹੈ। ਉਸ ਮਨ ਹੀ ਮਨ ਸੋਚਿਆ ਤੇ ਫਿਰ ਅਮਰੂਦ ਦੇ ਰੁੱਖ ਤੇ ਬੈਠੇ ਪੰਛੀਆਂ ਵੱਲ ਤੱਕਿਆ ਤਦ ਤੱਕ ਉਹ ਉੱਥੋਂ ਉੱਡ ਗਏ ਸਨ। ਹੁਣ ਰੁੱਖ ਤੇ ਹੌਲੀ-ਹੌਲੀ ਪੱਤੇ ਹਿਲ ਰਹੇ ਸਨ। ਸ਼ਾਇਦ ਉਹ ਹਿਲ-ਡੁਲ ਕੇ ਆਪਸ ਵਿੱਚ ਗੱਲਾਂ ਕਰ ਰਹੇ ਸਨ।

ਰਸੋਈ ਵਿੱਚੋਂ ਭਾਂਡੇ ਖੜਕਣ ਦੀ ਆਵਾਜ਼ ਆ ਰਹੀ ਸੀ। ਸ਼ਾਇਦ ਉਸ ਦੀ ਮਾਂ ਰੋਟੀ ਬਣਾ ਰਹੀ ਹੋਵੇ। ਮੁਹੱਲੇ ਦੇ ਕਿੰਨੇ ਲੋਕ ਉਸ ਦਾ ਪਤਾ ਲੈਣ ਆਏ ਸਨ। ਹਰ ਕੋਈ ਉਸ ਵੱਲ ਵਿਚਾਰਗੀ ਦੀ ਨਜ਼ਰ ਨਾਲ ਵੇਖ ਰਿਹਾ ਸੀ। ਕੰਧ ਵੱਲ ਮੂੰਹ ਕਰਕੇ ਕਈ ਔਰਤਾਂ ਆਪਸ ਵਿੱਚ ਗੱਲਾਂ ਕਰ ਰਹੀਆਂ ਸਨ। ਜਵਾਨ-ਜਹਾਨ ਧੀ ਮੰਜੇ ਤੇ ਪਈ ਐ, ਰੱਬ ਨੂੰ ਉਸ ਤੇ ਜ਼ਰਾ ਵੀ ਰਹਿਮ ਨਹੀਂ ਆਇਆ। ਵੀਨਾ ਦਾ ਮਨ ਜ਼ਰਾ ਵੀ ਇਨ੍ਹਾਂ ਗੱਲਾਂ ਨਾਲ ਵਿਚਲਿਤ ਨਾ ਹੁੰਦਾ, ਹੁਣ ਉਸ ਨੂੰ ਆਪਣਾ ਸਰੀਰ ਖਿਚੋਂਦਾ-ਖਿਚੋਂਦਾ ਮਹਿਸੂਸ ਹੋ ਰਿਹਾ ਸੀ। ਕੁਝ-ਕੁਝ ਦਰਦ ਸਰੀਰ ਅੰਦਰ ਉੱਠਣਾ ਸ਼ੁਰੂ ਹੋ ਗਿਆ ਸੀ। ਕਈ ਵਾਰ ਬੜਾ ਅਸਹਿ ਦਰਦ ਹੁੰਦਾ ਜੋ ਉਸ ਤੋਂ ਨਾ ਝੱਲਿਆ ਜਾਂਦਾ। ਵਧ ਰਹੇ ਦਰਦ ਨੇ ਉਸ ਕੋਲੋਂ ਜਿਊਂਣ ਦੀ ਇੱਛਾ ਖੋਹ ਲਈ ਸੀ। ਹੌਲੀ-ਹੌਲੀ ਮਨ ਨਿਰਾਸ਼ਾਵਾਦੀ ਹੁੰਦਾ ਜਾ ਰਿਹਾ ਸੀ। ਉਸ ਨੂੰ ਕੋਈ ਵੀ ਚੀਜ਼ ਹੁਣ ਚੰਗੀ ਨਹੀਂ ਸੀ ਲੱਗ ਰਹੀ। ਸਿਰਫ਼ ਉਸ ਨੂੰ ਹੁਣ ਆਪਣੇ ਪਿਓ ਦਾ ਵਤੀਰਾ ਚੰਗਾ ਲੱਗਦਾ ਜੋ ਉਸ ਦੀ ਹਰ ਪੱਖ ਤੋਂ ਸੇਵਾ ਕਰਦਾ, ਉਸ ਨੂੰ ਪਿਆਰ ਕਰਦਾ। ਆਹਿਸਤਾ-ਆਹਿਸਤਾ ਉਸ ਦਾ ਆਪਣੇ ਘਰ ਦੇ ਬਾਕੀ ਮੈਂਬਰਾਂ ਨਾਲ ਪਿਆਰ ਘੱਟਦਾ ਜਾ ਰਿਹਾ ਸੀ। ਅਸਹਿ ਦਰਦ ਵਧਦਾ ਜਾ ਰਿਹਾ ਸੀ। ਵਿਹੜੇ ਵਿਚਲੇ ਰੁੱਖ ਦੀਆਂ ਗੱਲਾਂ ਵੀ ਹੁਣ ਉਸ ਨੂੰ ਚੰਗੀਆਂ ਨਹੀਂ ਸਨ ਲੱਗਦੀਆਂ।

ਇਕ ਰਾਤ ਉਹ ਰੁੱਖ ਵੀਨਾ ਦੇ ਸੁਪਨੇ ਵਿੱਚ ਆਇਆ ਤੇ ਉਸ ਦੇ ਸਿਰਹਾਣੇ ਬੈਠ ਕੇ ਉਸ ਦੇ ਸਿਰ ਨੂੰ ਪਲੋਸ ਕੇ ਕਹਿਣ ਲੱਗਾ, "ਵੀਨਾ, ਤੂੰ ਠੀਕ ਹੋ ਜਾ।"

"ਮੈਂ ਨਹੀਂ ਹੋਣਾ ਹੁਣ ਠੀਕ" ਵੀਨਾ ਨੇ ਨਿਰਾਸ਼ਾ ਭਰੇ ਅੰਦਾਜ਼ ਵਿੱਚ ਉਸ ਨੂੰ ਕਿਹਾ।

"ਨਹੀਂ, ਇਵੇਂ ਨਾ ਕਹਿ, ਜੇ ਤੂੰ ਠੀਕ ਨਾ ਹੋਈ ਤਾਂ ਫਿਰ ਮੈਂ ਵੀ ਮਰ ਜਾਵਾਂਗਾ।"

"ਨਹੀਂ, ਤੂੰ ਕਿਉਂ ਮਰੇਂਗਾ" ਵੀਨਾ ਨੇ ਉਸ ਨੂੰ ਧਰਵਾਸ ਦਿੰਦੇ ਹੋਏ ਕਿਹਾ।

"ਵੀਨਾ ਤੂੰ ਠੀਕ ਹੋ ਜਾ, ਨਹੀਂ ਤਾਂ ਮੈਂ ਵੀ ਮਰ ਜਾਵਾਂਗਾ....।"

ਅਚਾਨਕ ਵੀਨਾ ਦੀ ਸੁੱਤੇ-ਸੁੱਤੇ ਅੱਖ ਖੁੱਲ੍ਹੀ ਤਾਂ ਹਿਲਦਾ-ਹਿਲਦਾ ਰੁੱਖ ਸ਼ਾਂਤ ਹੋ ਗਿਆ। ਉਸ ਬਾਹਰ ਤੱਕਿਆ। ਬਾਹਰ ਰਾਤ ਹੋ ਰਹੀ ਸੀ। ਰੁੱਖ ਦੇ ਪੱਤੇ ਉਸ ਨੂੰ ਮੱਧਮ-ਮੱਧਮ ਜਿਹੇ ਲੱਗ ਰਹੇ ਸਨ। ਐਨੇ ਨੂੰ ਉਸ ਦੀ ਮਾਂ ਆ ਗਈ।

"ਵੀਨਾ ਰੋਟੀ ਖਾ ਲੈ।"

"ਨਹੀਂ ਮਾਂ, ਮੈਂ ਸੌਣ ਲੱਗੀ ਹਾਂ, ਰਾਤ ਹੋ ਗਈ ਹੈ।"

"ਅਜੇ ਕਿੱਥੇ ਰਾਤ, ਅਜੇ ਤਾਂ ਦਿਨ-ਦੁਪਹਿਰ ਹੈ" ਉਸ ਦੀ ਮਾਂ ਨੇ ਕਿਹਾ। ਪਰ ਵੀਨਾ ਦੀ ਤਾਂ ਰਾਤ ਹੀ ਰਾਤ ਸੀ। ਹੌਲੀ-ਹੌਲੀ ਅੱਖਾਂ ਵਿੱਚੋਂ ਦਿੱਸਣਾ ਵੀ ਬੰਦ ਹੋ ਗਿਆ। ਹੌਲੀ-ਹੌਲੀ ਉਸ ਦੀਆਂ ਅੱਖਾਂ ਬੰਦ ਹੋਣ ਲੱਗੀਆਂ। ਕੱਲ੍ਹ ਰਾਤ ਵੀਨਾ ਦਾ ਪਿਓ ਉਸ ਦੀ ਮਾਂ ਨੂੰ ਕਹਿ ਰਿਹਾ ਸੀ ਕਿ ਵੀਨਾ ਦਾ ਕੈਂਸਰ ਹੁਣ ਸਾਰੇ ਸਰੀਰ ਵਿੱਚ ਫੈਲ ਗਿਆ ਹੈ। ਹੁਣ ਇਸ ਦਾ ਆਖ਼ਰੀ ਸਮਾਂ ਆ ਗਿਆ ਹੈ। ਇਹ ਗੱਲ ਉਸ ਨੇ ਸੁਣ ਲਈ ਸੀ।

ਵਿਹੜੇ ਵਿਚਲਾ ਰੁੱਖ ਅਜੇ ਵੀ ਸ਼ਾਂਤ ਸੀ ਪਰ ਪੱਤੇ ਕਦੇ-ਕਦੇ ਆਪਸ ਵਿੱਚ ਗੱਲਾਂ ਕਰ ਰਹੇ ਸਨ। ਪਰ ਵੀਨਾ ਦੇ ਕਮਰੇ ਵਿੱਚ ਚੀਖ-ਚਿਹਾੜਾ ਪਿਆ ਹੋਇਆ ਸੀ। ਆਂਢ-ਗੁਆਂਢ ਦੀਆਂ ਔਰਤਾਂ ਜ਼ੋਰ-ਜ਼ੋਰ ਦੀ ਪਿੱਟ ਰਹੀਆਂ ਸਨ। ਵੈਣਾਂ ਨਾਲ ਘਰ ਸਹਿਮ ਗਿਆ ਸੀ। ਪਰ ਵੀਨਾ ਸ਼ਾਂਤ ਸੀ, ਬਿਲਕੁਲ ਸ਼ਾਂਤ....। ਵਿਹੜੇ ਵਿਚਲਾ ਰੁੱਖ....ਤੇਜ਼ੀ ਨਾਲ ਹਿਲ....ਡੁਲ ਰਿਹਾ ਸੀ। ਤੇ ਕੁਝ ਪੰਛੀ ਹਿਲ ਰਹੇ ਰੁੱਖ ਤੇ ਬੈਠਣ ਦਾ ਯਤਨ ਕਰ ਰਹੇ ਸਨ ਤੇ ਕੁਝ ਘਰ ਦੇ ਉੱਤੇ ਚੀਂ-ਚੀਂ ਕਰਦੇ ਮੰਡਰਾ ਰਹੇ ਸਨ। ਪਰ ਵੀਨਾ ਸ਼ਾਂਤ ਸੀ.... ਬਿਲਕੁਲ ਸ਼ਾਂਤ....।

*ਸਾਹਮਣੇ ਸਟੇਟ ਬੈਂਕ ਆਫ ਇੰਡੀਆ,*
*ਤਿਬੜੀ ਰੋਡ, ਗੁਰਦਾਸਪੁਰ*
*ਪੰਜਾਬ*

ਸ਼ਹੀਦੀ ਦਿਵਸ ਤੇ ਵਿਸ਼ੇਸ਼

# ਨਿਵੇਕਲਾ ਸੁਤੰਤਰਤਾ ਸੰਗਰਾਮੀ--ਊਧਮ ਸਿੰਘ ਸੁਨਾਮ

ਰਣਜੀਤ ਸਿੰਘ ਨੂਰਪੁਰਾ



15 ਅਗਸਤ, 1947 ਦਾ ਦਿਨ ਭਾਰਤਵਾਸੀਆਂ ਲਈ ਅਹਿਮ ਅਤੇ ਭਾਗਾਂ ਵਾਲਾ ਹੈ। ਅੰਗਰੇਜ਼ ਹਕੂਮਤ ਦੀ ਸਦੀਆਂ ਦੀ ਨਰਕ ਭਰੀ ਗ਼ੁਲਾਮੀ ਤੋਂ ਇਸ ਦਿਨ ਭਾਰਤਵਾਸੀਆਂ ਦਾ ਖਹਿੜਾ ਛੁੱਟਿਆ ਸੀ ਤੇ ਦੇਸ਼ ਨੂੰ ਪੂਰਨ ਆਜ਼ਾਦੀ ਮਿਲੀ ਸੀ। ਇਹ ਆਜ਼ਾਦੀ ਸੌਖਿਆਂ ਜਾਂ ਭੀਖ ਵਿੱਚ ਨਹੀਂ ਸੀ ਮਿਲੀ ਸਗੋਂ ਦੇਸ਼ ਵਿਚਲੇ ਹਰ ਧਰਮ ਅਤੇ ਜਾਤ ਨਾਲ ਸੰਬੰਧਿਤ ਲੋਕਾਂ ਨੇ ਲਹੂ-ਡੋਲ੍ਹਵਾਂ ਲੰਬਾ ਸੰਘਰਸ਼ ਕਰ ਅੰਗਰੇਜ਼ ਹਕੂਮਤ ਦੇ ਜ਼ਬਰਦਸਤੀ ਵਾਲੇ ਰਾਜ ਦੀਆਂ ਜੜ੍ਹਾਂ ਮੁੱਢੋਂ ਪੁੱਟ, ਉਹਨਾਂ ਨੂੰ ਭਾਰਤ ਛੱਡ ਜਾਣ ਲਈ ਮਜਬੂਰ ਕਰ ਦਿੱਤਾ ਸੀ। ਦੇਸ਼ ਦੀ ਆਜ਼ਾਦੀ ਲਈ ਲੰਬਾ ਸਮਾਂ ਸੰਘਰਸ਼ ਕਰਨ ਵਾਲੇ ਹਜ਼ਾਰਾਂ ਸੂਰਬੀਰਾਂ ਨੂੰ ਅੰਗਰੇਜ਼ ਹਕੂਮਤ ਦੇ ਜਬਰ ਦਾ ਸ਼ਿਕਾਰ ਹੁੰਦਿਆਂ ਫਾਂਸੀ ਦੇ ਰੱਸੇ ਗਲਾਂ ਵਿੱਚ ਪੁਆਉਣੇ ਪਏ, ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਜ਼ਿੰਦਗੀ ਦੇ ਸੁਨਹਿਰੀ ਦਿਨ ਗਾਲਣੇ ਪਏ, ਅਣ-ਮਨੁੱਖੀ ਤਸ਼ੱਦਦ ਸਹਾਰਨ ਤੋਂ ਇਲਾਵਾ ਘਰ-ਬਾਰ ਬਰਬਾਦ ਕਰਵਾਉਣੇ ਪਏ। ਅਨੇਕਾਂ ਸੂਰਬੀਰ ਸਿੱਧੇ ਤੌਰ 'ਤੇ ਅੰਗਰੇਜ਼ ਹਕੂਮਤ ਨਾਲ ਟੱਕਰ ਲੈ ਸੰਘਰਸ਼ ਕਰਦੇ ਰਹੇ ਜਦਕਿ ਕੁਝ ਸੂਰਬੀਰਾਂ ਨੇ ਅੰਦੋਲਨਕਾਰੀਆਂ ਤੋਂ ਇਲਾਵਾ ਆਮ ਭਾਰਤੀਆਂ 'ਤੇ ਅਣਮਨੁੱਖੀ ਤਸ਼ੱਦਦ ਕਰਨ ਵਾਲੇ ਅੰਗਰੇਜ਼ ਅਫ਼ਸਰਾਂ ਦੀ ਅਲਖ ਮੁਕਾ ਆਜ਼ਾਦੀ ਪ੍ਰਾਪਤੀ ਦੇ ਸੰਗਰਾਮ ਵਿੱਚ ਅਹਿਮ ਯੋਗਦਾਨ ਪਾਇਆ। ਇਨ੍ਹਾਂ ਸੂਰਬੀਰਾਂ ਵਿੱਚ ਸ਼ਾਮਿਲ ਸੀ ਊਧਮ ਸਿੰਘ ਸੁਨਾਮ ਜਿਸ ਨੇ ਜਲ੍ਹਿਆਂ ਵਾਲਾ ਬਾਗ਼ ਵਿੱਚ 13 ਅਪ੍ਰੈਲ, 1919 ਈ. ਨੂੰ ਇਕੱਤਰ ਹੋਏ ਹਜ਼ਾਰਾਂ ਨਿਹੱਥੇ ਅੰਦੋਲਨਕਾਰੀਆਂ ਦੇ ਕਤਲੇਆਮ ਕਰਵਾਉਣ ਵਾਲੇ ਪੰਜਾਬ ਸੂਬੇ ਦੇ ਅੰਗਰੇਜ਼ ਗਵਰਨਰ ਸਰ ਮਾਈਕਲ ਓਡਵਾਇਰ ਨੂੰ ਗੋਲੀਆਂ ਨਾਲ ਭੁੰਨ ਭਾਰਤ ਮਾਤਾ ਦੀ ਤੱਤੀ ਹਿੱਕੜੀ ਠਾਰੀ ਤੇ ਸਜ਼ਾ ਵਜੋਂ ਫਾਂਸੀ ਦਾ ਰੱਸਾ ਚੁੰਮ ਆਪਣਾ ਨਾਂ ਅਮਰ ਸ਼ਹੀਦਾਂ ਦੀ ਸ਼ਾਨਾਂਮੱਤੀ ਲਿਸਟ ਵਿੱਚ ਸ਼ਾਮਿਲ ਕਰ ਲਿਆ।

ਆਜ਼ਾਦੀ ਪ੍ਰਾਪਤੀ ਦੀ ਪ੍ਰਚੰਡ ਹੋ ਰਹੀ ਤਾਂਘ ਤੋਂ ਚਿੰਤਤ ਅਤੇ ਭਾਰਤੀਆਂ ਦੇ ਮਨਾਂ ਅੰਦਰ ਖ਼ੌਫ਼ ਪੈਦਾ ਕਰਨ ਦੀ ਚਾਲ ਤਹਿਤ ਬਾਗ਼ ਵਿੱਚ ਨਿਹੱਥੇ, ਬੇਦੋਸ਼ਾਂ ਦਾ ਬੇਰਹਿਮੀ ਨਾਲ ਕਤਲ ਕਰਵਾਉਣ ਵਾਲੇ ਅੰਗਰੇਜ਼ ਗਵਰਨਰ ਸਰ ਮਾਈਕਲ ਓਡਵਾਇਰ ਦੀ ਲੰਬੀ ਜੱਦੋ-ਜਹਿਦ ਤੋਂ ਬਾਅਦ ਅਲਖ ਮੁਕਾਉਣ ਵਾਲੇ ਊਧਮ ਸਿੰਘ ਦਾ ਜਨਮ ਪਟਿਆਲਾ ਰਿਆਸਤ ਦੇ ਪਿੰਡ ਸੁਨਾਮ ਵਿੱਚ ਸਰਦਾਰ ਟਹਿਲ ਸਿੰਘ ਦੇ ਘਰ ਮਾਤਾ ਨਰੈਣ ਕੌਰ ਦੀ ਕੁੱਖੋਂ 26 ਦਸੰਬਰ, ਸੰਨ 1899 ਈ. ਨੂੰ ਹੋਇਆ। ਊਧਮ ਸਿੰਘ ਦੀ ਉਮਰ ਚਾਰ-ਕੁ ਵਰ੍ਹਿਆਂ ਦੀ ਸੀ ਜਦ ਮਾਤਾ ਨਰੈਣ ਕੌਰ ਦਾ ਦਿਹਾਂਤ ਹੋ ਗਿਆ। ਊਧਮ ਸਿੰਘ ਦਾ ਵੱਡਾ ਭਰਾ ਸੀ ਸਾਧੂ ਸਿੰਘ ਤੇ ਇਨ੍ਹਾਂ ਦੋਵਾਂ ਨੂੰ ਪਿਤਾ ਟਹਿਲ ਸਿੰਘ ਨੇੜੇ ਪੈਂਦੇ ਪਿੰਡ ਉਪਲੀ ਲੈ ਗਿਆ ਜਿੱਥੇ ਉਹ ਇਕ ਰੇਲਵੇ ਫਾਟਕ ਤੇ ਚੌਕੀਦਾਰ ਸੀ। ਕੁਝ ਕਾਰਨਾਂ ਕਰਕੇ ਨੌਕਰੀ ਚਲੀ ਜਾਣ ਤੋਂ ਬਾਅਦ ਪਿਤਾ ਟਹਿਲ ਸਿੰਘ ਆਪਣੇ ਨਜ਼ਦੀਕ ਦੇ ਰਿਸ਼ਤੇਦਾਰ ਚੰਚਲ ਸਿੰਘ ਦੀ ਸਲਾਹ ਮੰਨ ਦੋਵਾਂ ਭਰਾਵਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਲੈ ਗਿਆ। ਟਹਿਲ ਸਿੰਘ ਬਹੁਤ ਜ਼ਿਆਦਾ ਗ਼ਰੀਬ ਹੋਣ ਕਾਰਨ ਦੋਵਾਂ ਭਰਾਵਾਂ ਦਾ ਚੰਗੀ ਤਰ੍ਹਾਂ ਪਾਲਣ-ਪੋਸ਼ਣ ਕਰਨ ਤੋਂ ਅਸਮਰਥ ਸੀ। ਚੰਚਲ ਸਿੰਘ ਉਸ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਕਿਸੇ ਚੰਗੀ ਆਮਦਨ ਵਾਲੇ ਕੰਮ ਜਾਂ ਨੌਕਰੀ ਤੇ ਲਵਾ ਦੇਣਾ ਚਾਹੁੰਦਾ ਸੀ ਪਰ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਉਹ ਸੈਟ ਵੀ ਨਹੀਂ ਸਨ ਹੋਏ ਕਿ ਬੁਖ਼ਾਰ ਕਾਰਨ ਟਹਿਲ ਸਿੰਘ ਦਾ ਦਿਹਾਂਤ ਹੋ ਗਿਆ। ਊਧਮ ਸਿੰਘ ਅਤੇ ਸਾਧੂ ਸਿੰਘ ਅਨਾਥ ਹੋ ਗਏ। ਅਖੀਰ ਚੰਚਲ ਸਿੰਘ ਦੋਵਾਂ ਭਰਾਵਾਂ ਨੂੰ ਸ੍ਰੀ ਅੰਮ੍ਰਿਤਸਰ ਵਿਚਲੇ ਸੈਂਟਰਲ ਖ਼ਾਲਸਾ ਅਨਾਥਘਰ (ਯਤੀਮਖ਼ਾਨਾ) ਵਿੱਚ ਛੱਡ ਆਇਆ।

ਯਤੀਮਖ਼ਾਨੇ ਵਿੱਚ ਪ੍ਰਬੰਧਕਾਂ ਦੀਆਂ ਹਦਾਇਤਾਂ ਅਨੁਸਾਰ ਸੇਵਾਵਾਂ ਨਿਭਾਉਣ ਦੇ ਨਾਲ-ਨਾਲ ਦੋਵੇਂ ਭਰਾ ਵਿੱਦਿਆ ਵੀ ਪ੍ਰਾਪਤ ਕਰਦੇ ਰਹੇ। ਊਧਮ ਸਿੰਘ ਦੇ ਮਨ ਨੂੰ ਇਕ ਹੋਰ ਵੱਡਾ ਸਦਮਾ ਉਦੋਂ ਲੱਗਿਆ ਜਦੋਂ ਉਸ ਦੇ ਭਰਾ ਸਾਧੂ ਸਿੰਘ ਦੀ ਵੀ ਮੌਤ ਹੋ ਗਈ। ਮਾਤਾ-ਪਿਤਾ ਅਤੇ ਇਕੋ-ਇਕ ਭਰਾ ਦੀ ਮੌਤ ਹੋ ਜਾਣ ਕਾਰਨ ਬਾਲ-ਬੁੱਧੀ ਵਾਲਾ ਊਧਮ ਸਿੰਘ ਬੁਰੀ ਤਰ੍ਹਾਂ ਝੰਜੋੜਿਆ ਗਿਆ। ਯਤੀਮਘਰ ਦੇ ਪ੍ਰਬੰਧਕਾਂ ਅਤੇ ਖ਼ਾਸ ਕਰ ਚੰਚਲ ਸਿੰਘ ਦੇ ਕਈ ਮਹੀਨਿਆਂ ਦੇ ਯਤਨਾਂ ਤੋਂ ਬਾਅਦ ਊਧਮ ਸਿੰਘ ਨੇ ਇਕ ਨਵੀਂ ਜ਼ਿੰਦਗੀ ਵੱਲ ਮੋੜ ਕੱਟਿਆ।

13 ਅਪ੍ਰੈਲ, 1919 ਸੰਨ ਨੂੰ ਜੱਲ੍ਹਿਆਂ ਵਾਲਾ ਬਾਗ਼ ਵਿੱਚ ਖ਼ੂਨੀ ਸਾਕਾ ਵਾਪਰਿਆ। ਇਸ ਸਾਕੇ ਦੇ ਵਾਪਰਨ ਦਾ ਮੁੱਖ ਕਾਰਨ ਇਹ ਸੀ ਕਿ ਅੰਗਰੇਜ਼ ਹਕੂਮਤ ਦੀਆਂ ਵਧੀਕੀਆਂ ਅਤੇ ਭਾਰਤ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸ਼ਾਂਤਮਈ ਢੰਗ ਨਾਲ ਅੰਦੋਲਨ

ਚਲਾਉਂਦੀ ਆ ਰਹੀ ਸਰਬ ਹਿੰਦ ਕਾਂਗਰਸ ਨੇ ਆਪਣਾ ਸਾਲਾਨਾ ਇਜਲਾਸ ਉਸ ਬਾਗ਼ ਵਿੱਚ ਕਰਨ ਦਾ ਐਲਾਨ ਕੀਤਾ ਸੀ। ਇਜਲਾਸ ਵਿੱਚ ਆਜ਼ਾਦੀ ਦੇ ਸੰਘਰਸ਼ ਦਾ ਲੇਖਾ-ਜੋਖਾ ਕਰਨ ਤੋਂ ਇਲਾਵਾ ਚੱਲ ਰਹੇ ਸੰਘਰਸ਼ ਬਾਰੇ ਆਮ ਲੋਕਾਂ ਦੇ ਵਿਚਾਰ ਵੀ ਲਏ ਜਾਣੇ ਸਨ। ਇਸ ਇਜਲਾਸ ਦੀ ਖ਼ਬਰ ਖ਼ੁਫ਼ੀਆ ਤੰਤਰ ਰਾਹੀਂ ਜਿਉਂ ਹੀ ਅੰਗਰੇਜ਼ ਹਕੂਮਤ ਦੇ ਕੰਨਾਂ ਤੱਕ ਪਹੁੰਚੀ ਤਾਂ ਤੁਰੰਤ ਹੀ ਕਾਂਗਰਸ ਦੇ ਆਗੂਆਂ ਦੀ ਫੜ੍ਹੋ-ਫੜ੍ਹੀ ਜਾਰੀ ਹੋ ਗਈ। ਉੱਘੇ ਨੇਤਾਵਾਂ ਵਿੱਚੋਂ ਡਾਕਟਰ ਸੈਫ-ਉਦ-ਦੀਨ ਕਿਚਲੂ ਅਤੇ ਡਾ. ਸੱਤਪਾਲ ਪਹਿਲਾਂ ਗ੍ਰਿਫ਼ਤਾਰ ਕਰ ਲਏ ਜਦਕਿ ਹੱਥ ਨਾ ਆਉਣ ਵਾਲੇ ਦੋ ਹੋਰ ਆਗੂਆਂ ਪੰਡਿਤ ਦੀਨਾ ਨਾਥ ਅਤੇ ਪੰਡਿਤ ਕੱਟੂ ਮੱਲ ਤੇ ਕਿਸੇ ਵੀ ਪ੍ਰਕਾਰ ਦੀ ਜਨ-ਸਭਾ ਨੂੰ ਜਨਤਕ ਤੌਰ 'ਤੇ ਸੰਬੋਧਨ ਕਰਨ ਦੀ ਪਾਬੰਦੀ ਲਗਾ ਦਿੱਤੀ। ਅੰਗਰੇਜ਼ ਹਕੂਮਤ ਦੀ ਇਹ ਵੀ ਇਕ ਵਧੀਕੀ ਸੀ ਜਿਸ ਨੂੰ ਬਰਦਾਸ਼ਤ ਨਾ ਕਰਦਿਆਂ ਸ਼ਾਂਤਮਈ ਢੰਗ ਨਾਲ ਅੰਦੋਲਨ ਕਰਦੇ ਆ ਰਹੇ ਦੇਸ਼ਪ੍ਰਸਤਾਂ ਨੇ 13 ਅਪ੍ਰੈਲ, 1919 ਈ. ਨੂੰ ਬਾਗ਼ ਅੰਦਰ ਵਿਸ਼ਾਲ ਜਨ-ਸਭਾ ਰੱਖਣ ਦਾ ਫ਼ੈਸਲਾ ਕਾਇਮ ਰੱਖਿਆ। ਅੰਗਰੇਜ਼ ਸਰਕਾਰ ਦੀ ਖ਼ੁਫ਼ੀਆ ਤੰਤਰ ਸੰਬੰਧਿਤ ਦਿਨ 'ਤੇ ਹੋਣ ਵਾਲੇ ਇਜਲਾਸ ਤੇ ਤਿਆਰੀ ਵਜੋਂ ਚੱਲ ਰਹੀਆਂ ਸਰਗਰਮੀਆਂ ਦੀ ਰਿਪੋਰਟ ਗਵਰਨਰ ਓਡਵਾਇਰ ਨੂੰ ਭੇਜਦਾ ਰਿਹਾ। ਨਿਸ਼ਚਿਤ ਦਿਨ 'ਤੇ ਇਕੱਤਰ ਹੋਏ ਹਜ਼ਾਰਾਂ ਭਾਰਤੀਆਂ ਨੇ ਪਹਿਲਾਂ ਤਾਂ ਅੰਗਰੇਜ਼ ਹਕੂਮਤ ਖ਼ਿਲਾਫ਼ ਸ਼ਹਿਰ ਅੰਦਰ ਰੋਸ ਮਾਰਚ ਕੀਤਾ ਤੇ ਉਪਰੰਤ ਲੋਕ ਬਾਗ਼ ਅੰਦਰ ਇਕੱਤਰ ਹੋ ਗਏ। ਪੁੱਜੇ ਆਗੂਆਂ ਦੇ ਵਿਚਾਰ ਸੁਣਨ ਲਈ ਜਦ ਲੋਕ ਜੁੜ ਬੈਠੇ ਤਾਂ 150 ਗੋਰੇ ਸਿਪਾਹੀਆਂ ਦੀ ਟੁਕੜੀ ਸਮੇਤ ਉੱਥੇ ਪੁੱਜ ਬ੍ਰਿਗੇਡੀਅਰ ਜਨਰਲ ਆਰ.ਈ.ਐੱਚ. ਡਾਇਰ ਨੇ ਬਣਾਈ ਯੋਜਨਾ ਦੇ ਤਹਿਤ ਜੁੜ ਬੈਠੇ ਨਿਹੱਥੇ ਲੋਕਾਂ 'ਤੇ ਫ਼ਾਇਰਿੰਗ ਕਰਵਾ ਉਹ ਔਰਤਾਂ ਤੇ ਬੱਚੇ ਵੀ ਮਰਵਾ ਦਿੱਤੇ ਜਿਹੜੇ ਉਸ ਦਿਨ ਦਾ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਉੱਥੇ ਪੁੱਜੇ ਸਨ। ਅੰਗਰੇਜ਼ ਹਕੂਮਤ ਦੀ ਭਾਰਤੀਆਂ ਪ੍ਰਤੀ ਇਹ ਸਭ ਤੋਂ ਵੱਡੀ ਜ਼ਾਲਮਾਨਾ, ਦਿਲ-ਕੰਬਾਊ ਕਾਰਵਾਈ ਸੀ।

ਜਦ ਇਹ ਖ਼ੂਨੀ-ਕਾਂਡ ਵਾਪਰਿਆ, ਊਧਮ ਸਿੰਘ ਯਤੀਮਖ਼ਾਨੇ ਵਿੱਚ ਹੀ ਸੀ। ਯਤੀਮਖ਼ਾਨੇ ਦੇ ਪ੍ਰਬੰਧਕਾਂ ਨੇ ਊਧਮ ਸਿੰਘ ਦੀ ਅਗਵਾਈ ਹੇਠ ਨੌਜਵਾਨਾਂ ਦਾ ਇਕ ਜੱਥਾ ਬਾਗ਼ ਵਿੱਚ ਭੇਜਿਆ, ਜਿਨ੍ਹਾਂ ਨੇ ਜ਼ਖ਼ਮੀਆਂ ਨੂੰ ਹਸਪਤਾਲਾਂ ਅਤੇ ਮਰ ਚੁੱਕਿਆਂ ਨੂੰ ਸ਼ਮਸ਼ਾਨ ਘਰ ਵਿੱਚ ਲਿਜਾਣ ਦਾ ਪ੍ਰਬੰਧ ਕਰਨਾ ਸੀ। 16 ਵਰ੍ਹਿਆਂ ਦੇ ਊਧਮ ਸਿੰਘ ਨੇ ਬਾਗ਼ ਵਿੱਚ ਆ ਕੇ ਜਦ ਉੱਥੋਂ ਦਾ ਦ੍ਰਿਸ਼ ਵੇਖਿਆ ਤਾਂ ਉਹ ਧੁਰ ਅੰਦਰ ਤੱਕ ਕੰਬ ਗਿਆ। ਖ਼ੁਦ ਊਧਮ ਸਿੰਘ ਵੱਲੋਂ ਇਸ ਦ੍ਰਿਸ਼ ਬਾਰੇ ਪ੍ਰਗਟਾਏ ਆਪਣੇ ਵਿਚਾਰਾਂ ਵਿੱਚ ਇਹ ਦਰਜ ਹੈ....ਬਾਗ਼ ਵਿਚਲੀ ਲੋਕਾਂ ਦੀ ਕੁਰਲਾਹਟ, ਕੁਝ ਲੋਕਾਂ ਦੇ ਚੀਥੜੇ-ਚੀਥੜੇ ਹੋਏ ਅੰਗ-ਪੈਰ, ਲਹੂ ਨਾਲ ਭਿੱਜੀ ਹੋਈ ਧਰਤੀ, ਖੂਹ ਵਿੱਚੋਂ ਆਉਂਦੀਆਂ ਸਹਿਕਦੀਆਂ ਆਵਾਜ਼ਾਂ, ਚਾਰ-ਚੁਫੇਰਿਓਂ ਆਉਂਦੀ ਬਾਰੂਦ ਦੀ ਮੁਸ਼ਕ....ਇਹ ਦ੍ਰਿਸ਼ ਮੇਰੇ ਕੋਲੋਂ ਵੇਖਿਆ ਨਹੀਂ ਸੀ ਜਾ ਰਿਹਾ ਤੇ ਮੈਂ ਭਾਵੁਕ ਹੋ ਖ਼ੁਦ ਵੀ ਰੋਣ ਲੱਗ ਪਿਆ ਸੀ।

ਲਹੂ-ਲੁਹਾਣ ਹੋਣ ਉਪਰੰਤ ਕੁਰਲਾ ਰਹੇ ਮਰਦ, ਔਰਤਾਂ ਅਤੇ ਬੱਚਿਆਂ ਦੀ ਹਾਲਤ ਵੇਖ ਊਧਮ ਸਿੰਘ ਦੇ ਦਿਲ-ਦਿਮਾਗ਼ 'ਤੇ ਅਜਿਹਾ ਡੂੰਘਾ ਅਸਰ ਹੋਇਆ ਕਿ ਉਸ ਨੇ ਇਸ ਘਿਨਾਉਣੇ ਖ਼ੂਨੀ ਕਾਂਡ ਲਈ ਜ਼ਿੰਮੇਵਾਰ ਜ਼ਾਲਮ ਗੋਰੇ ਅਫ਼ਸਰ ਓਡਵਾਇਰ ਤੋਂ ਬਦਲਾ ਲੈਣ ਦਾ ਪ੍ਰਣ ਕਰ ਲਿਆ।

ਯਤੀਮ ਘਰ ਵਿਚਲੇ ਪ੍ਰਬੰਧਕਾਂ ਦੇ ਆਦੇਸ਼ ਅਨੁਸਾਰ ਊਧਮ ਸਿੰਘ ਅਤੇ ਉਸ ਦੀ ਅਗਵਾਈ ਹੇਠਲੇ ਨੌਜਵਾਨਾਂ ਦੇ ਜੱਥੇ ਨੇ ਲੋਕਾਂ ਦੀਆਂ ਲਾਸ਼ਾਂ ਵੱਖ-ਵੱਖ ਸ਼ਮਸ਼ਾਨ-ਘਰਾਂ ਵਿੱਚ ਪਹੁੰਚਾਉਣ ਤੋਂ ਇਲਾਵਾ ਜ਼ਖ਼ਮੀ ਮਰਦ, ਔਰਤ ਅਤੇ ਬੱਚੇ ਹਸਪਤਾਲਾਂ ਵਿੱਚ ਭਰਤੀ ਕਰਵਾਏ। ਅੱਠ ਸੌ ਤੋਂ ਵਧੇਰੇ ਲੋਕ ਗੋਰੇ ਸਿਪਾਹੀਆਂ ਵੱਲੋਂ ਕੀਤੀ ਅੰਧਾਧੁੰਦ ਫਾਇਰਿੰਗ ਕਾਰਨ ਮਰੇ ਜਦਕਿ ਮਰਨ ਵਾਲਿਆਂ ਵਿੱਚ ਸੈਂਕੜੇ ਲੋਕ ਉਹ ਸਨ ਜਿਨ੍ਹਾਂ ਜਾਨਾਂ ਬਚਾਉਣ ਲਈ ਬਾਗ਼ ਵਿਚਲੇ ਇਕ ਅਣਛੱਤੇ ਖੂਹ ਵਿੱਚ ਛਾਲਾਂ ਮਾਰ ਦਿੱਤੀਆਂ ਸਨ। ਇਸ ਹਿਰਦੇ ਵੇਧਕ ਘਟਨਾ ਦੇ ਘਟਣ ਤੋਂ ਬਾਅਦ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਵੱਡੇ ਪੱਧਰ 'ਤੇ ਦੇਸ਼ ਵਿੱਚ ਰੋਸ ਫੈਲਿਆ, ਹੜਤਾਲਾਂ ਹੋਈਆਂ। ਅੰਗਰੇਜ਼ ਹਕੂਮਤ ਨੇ ਇਸ ਘਟਨਾ ਦੀ ਜਾਂਚ ਲਈ ਇਕ ਕਮਿਸ਼ਨ ਨਿਯੁਕਤ ਕੀਤਾ ਜਿਸ ਨੇ ਭਾਰਤੀਆਂ ਅੰਦਰਲੇ ਠਾਠਾਂ ਮਾਰਦੇ ਵਿਦਰੋਹ ਨੂੰ ਹੌਲੀ-ਹੌਲੀ ਸ਼ਾਂਤ ਕਰਨ ਵਾਲੀ ਭੂਮਿਕਾ ਨਿਭਾਈ ਪਰ ਕਾਂਡ ਸਦਕਾ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਉਹਨਾਂ ਕ੍ਰਾਂਤੀਕਾਰੀਆਂ ਅੰਦਰਲਾ ਰੋਹ ਜ਼ਰੂਰ ਪ੍ਰਚੰਡ ਹੋ ਗਿਆ ਜਿਨ੍ਹਾਂ ਅੰਗਰੇਜ਼ ਹਕੂਮਤ ਦੇ ਜਬਰੀ-ਰਾਜ ਦੀਆਂ ਜੜ੍ਹਾਂ ਭਾਰਤ ਦੀ ਧਰਤੀ ਤੋਂ ਉਖੇੜਨ ਲਈ ਹਥਿਆਰਬੰਦ ਸੰਗਰਾਮ ਚਲਾਇਆ ਹੋਇਆ ਸੀ।

ਅੰਗਰੇਜ਼ ਹਕੂਮਤ ਨੇ ਗਵਰਨਰ ਓਡਵਾਇਰ ਦੇ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਤਾਂ ਕੀ ਕਰਨੀ ਸੀ ਸਗੋਂ 30 ਮਈ, 1919 ਈ. ਨੂੰ ਉਸ ਨੂੰ ਵਾਪਸ ਇੰਗਲੈਂਡ ਬੁਲਾ ਲਿਆ ਤੇ ਨਵੇਂ ਅੰਗਰੇਜ਼ ਅਫ਼ਸਰ ਗਵਰਨਰ ਦੇ ਤੌਰ 'ਤੇ ਪੰਜਾਬ ਭੇਜ ਦਿੱਤਾ। ਅੰਗਰੇਜ਼ਾਂ ਦੀ ਇਕ ਅਦਾਲਤ ਵੱਲੋਂ ਸਰ ਮਾਈਕਲ ਓਡਵਾਇਰ ਦੀ ਜੱਲ੍ਹਿਆਂ ਵਾਲਾ ਬਾਗ਼ ਵਿਚਲੀ ਕਾਰਵਾਈ ਨੂੰ ਜਾਇਜ਼ ਠਹਿਰਾਇਆ ਗਿਆ ਤੇ ਮਾਣ-ਸਨਮਾਨ ਵਜੋਂ ਉਸ ਨੂੰ 20 ਹਜ਼ਾਰ ਪੌਂਡ ਭੇਟ ਕੀਤੇ ਗਏ। ਅੰਗਰੇਜ਼ਾਂ ਦੀ ਇਸ ਕਾਰਵਾਈ ਦੀ ਖ਼ਬਰ ਊਧਮ ਸਿੰਘ ਨੂੰ ਮਿਲ ਗਈ। ਇਸ ਖ਼ਬਰ ਨੇ ਊਧਮ ਸਿੰਘ ਦੇ ਦਿਲ-ਦਿਮਾਗ਼ ਵਿੱਚ ਪੈਦਾ ਹੋ ਚੁੱਕੀ ਬਦਲਾ ਲੈਣ ਦੀ ਤੜਪ ਹੋਰ ਪ੍ਰਚੰਡ ਕਰ ਦਿੱਤੀ ਪਰ ਉਸ ਨੇ ਆਪਣਾ ਇਹ ਭੇਦ ਕਿਸੇ ਕੋਲ ਵੀ ਨਾ ਖੋਲ੍ਹਿਆ।

ਚੁੱਪਚਾਪ ਰਹਿੰਦੇ ਊਧਮ ਸਿੰਘ ਨੇ ਆਪਣਾ ਪਾਸਪੋਰਟ ਬਣਵਾਇਆ ਤੇ ਯਤੀਮਖ਼ਾਨਾ ਛੱਡ ਇਕ ਠੇਕੇਦਾਰ ਦੀ ਮਦਦ ਨਾਲ ਸੰਨ 1919 ਈ. ਵਿੱਚ ਅਫ਼ਰੀਕਾ ਚਲਾ ਗਿਆ। ਉੱਥੋਂ ਉਹ ਇੰਗਲੈਂਡ ਜਾਣ ਦੀਆਂ ਕੋਸ਼ਿਸ਼ਾਂ ਕਰਦਾ ਰਿਹਾ। ਪਰ ਕਾਮਯਾਬੀ ਨਾ ਮਿਲਣ 'ਤੇ ਸੰਨ 1923 ਵਿੱਚ ਉਹ ਵਾਪਸ ਭਾਰਤ ਪਰਤ ਆਇਆ। ਕੁਝ ਥਾਂਵਾਂ 'ਤੇ ਇਹ ਵੀ ਪੜ੍ਹਨ ਨੂੰ ਮਿਲਦਾ ਹੈ ਕਿ ਊਧਮ ਸਿੰਘ ਅਫ਼ਰੀਕਾ ਵਿੱਚੋਂ ਅਮਰੀਕਾ ਚਲਾ ਗਿਆ ਸੀ ਜਿੱਥੇ ਉਸ ਦੇ ਸੰਬੰਧ ਗ਼ਦਰ ਪਾਰਟੀ ਦੇ ਸੂਰਬੀਰਾਂ ਨਾਲ ਬਣੇ ਜੋ ਭਾਰਤ ਦੀ

ਧਰਤੀ ਉੱਪਰੋਂ ਅੰਗਰੇਜ਼ੀ ਰਾਜ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਕਾਰਜਸ਼ੀਲ ਸਨ। ਇਨ੍ਹਾਂ ਗ਼ਦਰੀ ਸੂਰਬੀਰਾਂ ਨੇ ਊਧਮ ਸਿੰਘ ਨੂੰ ਲੰਬਾ ਸਮਾਂ ਆਪਣੇ ਕੋਲ ਰੱਖਿਆ ਅਤੇ ਉਸ ਦੀ ਜ਼ਿੰਦਗੀ ਦੇ ਇਕੋ-ਇਕ ਮਕਸਦ ਤੋਂ ਇਲਾਵਾ ਉਹ ਉਸ ਅੰਦਰਲੇ ਜਜ਼ਬੇ ਤੋਂ ਵੀ ਬਹੁਤ ਪ੍ਰਭਾਵਿਤ ਹੋਏ ਪਰ ਉਹਨਾਂ ਊਧਮ ਸਿੰਘ ਨੂੰ ਇੰਗਲੈਂਡ ਜਾਣ ਦੀ ਬਜਾਇ ਭਾਰਤ ਦੇਸ਼ ਵਾਪਸ ਪਰਤਣ ਦੀ ਸਲਾਹ ਦਿੱਤੀ ਅਤੇ ਕੁਝ ਜ਼ਿੰਮੇਵਾਰੀਆਂ ਵੀ ਸੌਂਪੀਆਂ ਜੋ ਆਜ਼ਾਦੀ ਪ੍ਰਾਪਤੀ ਦੇ ਅੰਦੋਲਨ ਨਾਲ ਸੰਬੰਧਿਤ ਸਨ। ਇਸ ਤਰ੍ਹਾਂ ਸੰਨ 1923 ਈ. ਵਿੱਚ ਊਧਮ ਸਿੰਘ ਦੀ ਦੇਸ਼-ਵਾਪਸੀ ਅਮਰੀਕਾ ਵਿਚਲੇ ਗ਼ਦਰੀ ਸੂਰਬੀਰਾਂ ਦੀ ਸਲਾਹ ਸਦਕਾ ਹੀ ਹੋਈ। ਵਾਪਸ ਮੁੜਨ ਸਮੇਂ ਊਧਮ ਸਿੰਘ ਇਕ ਅਮਰੀਕਨ ਔਰਤ ਦੀ ਮਦਦ ਸਦਕਾ ਕੁਝ ਹਥਿਆਰ ਵੀ ਲਿਆਇਆ ਸੀ।

ਵਾਪਸ ਆ ਕੇ ਊਧਮ ਸਿੰਘ ਨੇ ਅੰਮ੍ਰਿਤਸਰ ਵਿਚਲੇ ਚੌਂਕ ਘੰਟਾਘਰ ਵਿੱਚ ਲੱਕੜ ਦੇ ਕੰਮ ਨਾਲ ਸੰਬੰਧਿਤ ਦੁਕਾਨ ਖੋਲ੍ਹੀ। ਆਪਣਾ ਨਾਂ ਬਦਲ ਕੇ ਰਾਮ ਮੁਹਮੰਦ ਸਿੰਘ ਆਜ਼ਾਦ ਰੱਖ ਲਿਆ। ਹੌਲੀ-ਹੌਲੀ ਉਸ ਦੀ ਦੁਕਾਨ ਭਾਰਤ ਵਿਚਲੇ ਕ੍ਰਾਂਤੀਕਾਰੀਆਂ ਦਾ ਗੁਪਤ 'ਠਹਿਰਾਅ' ਬਣ ਗਈ। ਇਨ੍ਹਾਂ ਦਿਨਾਂ ਵਿੱਚ ਹੀ ਊਧਮ ਸਿੰਘ ਦਾ ਸੰਬੰਧ ਸਰਦਾਰ ਭਗਤ ਸਿੰਘ ਦੀ ਅਗਵਾਈ ਹੇਠਲੀ ਪਾਰਟੀ ਨਾਲ ਬਣਿਆ। ਭਗਤ ਸਿੰਘ ਅਤੇ ਊਧਮ ਸਿੰਘ ਵਿਚਕਾਰ ਅਨੇਕਾਂ ਮੀਟਿੰਗਾਂ ਹੋਈਆਂ। ਧਨ ਅਤੇ ਵਿਦਰੋਹੀ ਸਾਹਿਤ ਇਕੱਠਾ ਕਰਕੇ ਲਿਆਉਣ ਲਈ ਭਗਤ ਸਿੰਘ ਨੇ ਊਧਮ ਸਿੰਘ ਨੂੰ ਦੁਬਾਰਾ ਅਮਰੀਕਾ ਭੇਜਿਆ ਜਿੱਥੇ ਉਸ ਦਾ ਸੰਪਰਕ ਕ੍ਰਾਂਤੀਕਾਰੀ ਲਾਲਾ ਹਰਦਿਆਲ ਸਮੇਤ ਹੋਰ ਗ਼ਦਰੀ ਸੂਰਬੀਰਾਂ ਨਾਲ ਹੋਇਆ। ਸਰਦਾਰ ਭਗਤ ਸਿੰਘ ਨੇ ਜਿਸ ਮਕਸਦ ਲਈ ਊਧਮ ਸਿੰਘ ਨੂੰ ਅਮਰੀਕਾ ਭੇਜਿਆ ਸੀ – ਉਹ ਪੂਰਾ ਕਰ ਉਹ ਵਾਪਸ ਭਾਰਤ ਪਰਤ ਆਇਆ। ਅੰਮ੍ਰਿਤਸਰ ਵਿਚਲੀ ਖ਼ੁਫ਼ੀਆ ਪੁਲਿਸ, ਜਿਸ ਨੂੰ ਊਧਮ ਸਿੰਘ ਦੀਆਂ 'ਅਸਲ ਸਰਗਰਮੀਆਂ' ਬਾਰੇ ਜਾਣਕਾਰੀ ਮਿਲ ਚੁੱਕੀ ਸੀ, ਨੇ 30 ਅਗਸਤ, 1927 ਈ. ਨੂੰ ਤਿੰਨ ਪਿਸਤੌਲਾਂ ਅਤੇ ਵਿਦਰੋਹੀ ਸਾਹਿਤ ਸਮੇਤ ਇਸ ਸੂਰਬੀਰ ਨੂੰ ਗ੍ਰਿਫ਼ਤਾਰ ਕਰ ਲਿਆ। ਚੱਲੇ ਮੁਕੱਦਮੇ ਤਹਿਤ ਊਧਮ ਸਿੰਘ ਨੂੰ ਪੰਜ ਸਾਲ ਦੀ ਕੈਦ ਸੁਣਾਈ ਗਈ ਜੋ ਉਸ ਨੇ ਪਿਸ਼ਾਵਰ, ਮੁਲਤਾਨ ਅਤੇ ਮੀਆਂ ਵਾਲੀ ਜੇਲ੍ਹ ਵਿੱਚ ਕੱਟੀ। ਜੇਲ੍ਹ ਸਮੇਂ ਦੌਰਾਨ ਊਧਮ ਸਿੰਘ ਦਾ ਕਈ ਕ੍ਰਾਂਤੀਕਾਰੀਆਂ ਨਾਲ ਮੇਲ-ਮਿਲਾਪ ਹੋਇਆ ਜੋ ਪਹਿਲਾਂ ਹੀ ਸਜ਼ਾਵਾਂ ਭੁਗਤ ਰਹੇ ਸਨ। ਜਦ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦਿੱਤੀ ਗਈ ਉਸ ਸਮੇਂ ਊਧਮ ਸਿੰਘ ਮੀਆਂ ਵਾਲੀ ਜੇਲ੍ਹ ਵਿੱਚ ਸੀ। ਪੜ੍ਹਨ ਨੂੰ ਮਿਲਦਾ ਹੈ ਕਿ ਜਦ ਸਰਦਾਰ ਭਗਤ ਸਿੰਘ ਦੀ ਫਾਂਸੀ ਦੀ ਜਾਣਕਾਰੀ ਊਧਮ ਸਿੰਘ ਨੂੰ ਮਿਲੀ ਤਾਂ ਉਹ ਐਨਾ ਸ਼ੋਕਗ੍ਰਸਤ ਹੋ ਗਿਆ ਸੀ ਕਿ ਉਸ ਨੇ ਕਈ ਦਿਨ ਤੱਕ ਰੋਟੀ ਨਹੀਂ ਸੀ ਖਾਧੀ।

ਸੰਨ 1932 ਈ. ਵਿੱਚ ਸਜ਼ਾ ਦਾ ਸਮਾਂ ਪੂਰਾ ਹੋਣ 'ਤੇ ਊਧਮ ਸਿੰਘ ਦੀ ਰਿਹਾਈ ਹੋਈ। ਉਹ ਆਪਣੇ ਜੱਦੀ ਕਸਬੇ ਸੁਨਾਮ (ਪਟਿਆਲਾ) ਚਲਾ ਗਿਆ। ਆਪਣੇ ਕੀਤੇ ਹੋਏ 'ਪ੍ਰਣ' ਨੂੰ ਅਮਲੀ ਜਾਮਾ ਪਹਿਨਾਉਣਾ ਹੀ ਇਸ ਸੂਰਬੀਰ ਦਾ ਜਿਉਣ ਦਾ ਮਕਸਦ ਸੀ। ਕੁਝ ਮਹੀਨਿਆਂ ਬਾਅਦ ਊਧਮ ਸਿੰਘ ਨੇ ਆਪਣਾ ਕਾਰੋਬਾਰ ਸ਼ੁਰੂ ਕੀਤਾ। ਉਹ ਦੁਨਿਆਵੀ ਜਾਂ ਸਰੀਰਕ ਤੌਰ 'ਤੇ ਕੰਮ ਤਾਂ ਜ਼ਰੂਰ ਕਰਦਾ ਪਰ ਮਾਈਕਲ ਓਡਵਾਇਰ ਤੱਕ ਪੁੱਜਣ ਦੀਆਂ ਘਾੜਤਾਂ ਉਹ ਆਪਣੇ ਦਿਮਾਗ਼ ਵਿੱਚ ਘੜਦਾ ਰਹਿੰਦਾ। ਪਿਤਾ ਦੀ ਪਈ ਕੁਝ ਜ਼ਮੀਨ ਅਤੇ ਮਕਾਨ ਵੇਚ ਊਧਮ ਸਿੰਘ ਨੇ ਰਾਮ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਹੇਠ ਆਪਣਾ ਪਾਸਪੋਰਟ ਕਾਫ਼ੀ ਮੁਸ਼ਕਿਲਾਂ ਦੇ ਬਾਵਜੂਦ ਬਣਵਾ ਲਿਆ ਤੇ ਸੰਨ 1933 ਈ. ਵਿੱਚ ਇੰਗਲੈਂਡ ਪੁੱਜ ਗਿਆ। ਲੰਡਨ ਵਿੱਚ ਰਹਿੰਦਿਆਂ ਉਸ ਨੇ ਆਪਣਾ ਪਹਿਰਾਵਾ ਅੰਗਰੇਜ਼ਾਂ ਵਾਲਾ ਧਾਰਨ ਕਰ ਲਿਆ ਤੇ 'ਰਾਮ ਮੁਹੰਮਦ' ਦੇ ਤੌਰ 'ਤੇ ਰਹਿੰਦਾ ਰਿਹਾ। ਮਾਈਕਲ ਓਡਵਾਇਰ ਤੱਕ ਪੁੱਜਣਾ ਸੌਖੀ ਗੱਲ ਨਹੀਂ ਸੀ ਜਿਸ ਕਰਕੇ ਉਸ ਨੂੰ ਇਕ ਇੰਜੀਨੀਅਰਿੰਗ ਕਾਲਜ ਵਿੱਚ ਦਾਖ਼ਲਾ ਲੈਣਾ ਪਿਆ। ਕ੍ਰਾਂਤੀਕਾਰੀਆਂ ਨਾਲ ਗੁਪਤ ਤੌਰ 'ਤੇ ਚਿੱਠੀ-ਪੱਤਰ ਜ਼ਰੂਰ ਚੱਲਦਾ ਰਿਹਾ ਪਰ ਉਸ ਨੇ ਆਪਣੇ ਮਨ ਵਿਚਲਾ ਭੇਦ ਕਿਸੇ ਨੂੰ ਵੀ ਨਾ ਦੱਸਿਆ।

ਕਾਲਜ 'ਚ ਕੋਰਸ ਕਰਦਿਆਂ ਸੰਨ 1940 ਵਿੱਚ ਊਧਮ ਸਿੰਘ ਨੇ ਭਾਰਤ ਵਿਚਲੇ ਕ੍ਰਾਂਤੀਕਾਰੀਆਂ ਨੂੰ ਬਹੁਤ ਹੀ ਗੁਪਤ ਰੂਪ 'ਚ ਇਕ ਹੱਥ-ਲਿਖਤ ਚਿੱਠੀ ਭੇਜੀ ਜਿਸ ਵਿੱਚ ਲਿਖੀ ਸ਼ਬਦਾਵਲੀ ਤੋਂ ਪਤਾ ਲੱਗਦਾ ਹੈ ਕਿ ਉਹ ਆਪਣੇ ਕੀਤੇ ਹੋਏ ਪ੍ਰਣ ਨੂੰ ਪੂਰਾ ਕਰਨ ਲਈ ਕਿੰਨਾ ਜ਼ਿਆਦਾ ਉਤਾਵਲਾ ਸੀ, "ਭਾਰਤ ਦੇਸ਼ ਦੀ ਆਜ਼ਾਦੀ ਲਈ ਜੂਝਣ ਵਾਲਿਓ, ਉਹ ਦਿਨ ਜ਼ਰੂਰ ਆਵੇਗਾ ਜਿੱਦਣ ਭਾਰਤ ਦੀ ਧਰਤੀ ਉਪਰੋਂ ਅੰਗਰੇਜ਼ ਹਕੂਮਤ ਦੇ ਰਾਜ ਦੀਆਂ ਜੜ੍ਹਾਂ ਹਮੇਸ਼ਾਂ ਲਈ ਉੱਖੜ ਜਾਣਗੀਆਂ ਕਿਉਂਕਿ ਦੇਸ਼ ਦੀ ਧਰਤੀ ਦਾ ਚੱਪਾ-ਚੱਪਾ ਦੇਸ਼ ਭਗਤਾਂ ਦੇ ਲਹੂ ਨਾਲ ਸਿੰਜਿਆ ਜਾ ਚੁੱਕਾ ਹੈ ਜਿਸ ਵਿੱਚ ਭਾਰਤਵਾਸੀਆਂ ਦੇ ਅਰਮਾਨਾਂ ਵਾਲਾ ਆਜ਼ਾਦੀ ਦਾ ਬੂਟਾ ਜ਼ਰੂਰ ਉੱਗੇਗਾ। ਜਲ੍ਹਿਆਂ ਵਾਲਾ ਬਾਗ਼ ਦੀ ਧਰਤੀ 'ਤੇ ਵਾਪਰੇ ਖ਼ੂਨੀ ਸਾਕੇ ਨੂੰ ਭਾਵੇਂ ਕਈ ਵਰ੍ਹੇ ਬੀਤ ਗਏ ਹਨ ਪਰ ਉਸ ਸਮੇਂ ਦਾ ਦਿਲ-ਕੰਬਾਊ ਦ੍ਰਿਸ਼ ਮੇਰੇ ਦਿਲ-ਦਿਮਾਗ਼ ਵਿੱਚ ਅੱਜ ਵੀ ਤਾਜ਼ਾ ਹੈ ਕਿਉਂਕਿ ਇਸ ਦਾ ਸੰਬੰਧ ਮੇਰੇ ਵੱਲੋਂ ਕੀਤੀ ਹੋਈ ਪ੍ਰਤਿੱਗਿਆ ਨਾਲ ਜੁੜਿਆ ਹੋਇਆ ਹੈ ਜੋ ਹਾਲੇ ਅਧੂਰੀ ਹੈ। ਪਰ ਹੁਣ ਮੇਰੇ ਅੰਦਰਲੀ ਤੜਪ ਸਕੂਨ ਵਿੱਚ ਬਦਲ ਰਹੀ ਹੈ ਅਤੇ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਮੈਂ ਆਪਣੀ ਜ਼ਿੰਦਗੀ ਜਿਊਣ ਪਿਛਲੇ ਮਕਸਦ ਨੂੰ ਪੂਰਾ ਕਰਨ ਦੇ ਨਜ਼ਦੀਕ ਪੁੱਜ ਗਿਆ ਹਾਂ। ਦੁਆ ਕਰਨੀ ਕਿ ਮੈਂ ਆਪਣੇ ਮਿਸ਼ਨ ਵਿੱਚ ਕਾਮਯਾਬ ਹੋਵਾਂ।"

ਲੰਡਨ ਵਿਚਲੇ ਮਾਹੌਲ ਅਤੇ ਖ਼ਾਸਕਰ ਅੰਗਰੇਜ਼ਾਂ ਦੇ ਮਿਲ-ਬੈਠਣ ਵਾਲੇ ਟਿਕਾਣਿਆਂ ਦਾ ਊਧਮ ਸਿੰਘ ਨੇ ਥਹੁ-ਪਤਾ ਲਗਾ ਲਿਆ ਤੇ ਖ਼ਾਸ ਮੀਟਿੰਗਾਂ ਵਾਲੇ ਸਥਾਨਾਂ ਦੇ ਨਕਸ਼ੇ ਉਸ ਨੇ ਆਪਣੀ ਡਾਇਰੀ ਵਿੱਚ ਬਣਾ ਲਏ। ਭਾਰਤ ਦੀ ਧਰਤੀ 'ਤੇ ਆਉਂਦੇ ਅਤੇ ਵਾਪਸ ਜਾਂਦੇ ਅੰਗਰੇਜ਼ ਅਫ਼ਸਰਾਂ ਦੀਆਂ ਮੀਟਿੰਗਾਂ ਦਾ ਮੁੱਖ ਸਥਾਨ ਲੰਡਨ ਵਿਚਲਾ ਕੈਕਸਟਨ ਹਾਲ ਸੀ ਜਿੱਥੇ ਬੈਠ ਕੇ ਉਹ ਭਾਰਤ ਵਿਚਲੇ ਕ੍ਰਾਂਤੀਕਾਰੀਆਂ ਦੀਆਂ ਗਤੀਵਿਧੀਆਂ ਦੇ ਵਿਰੋਧ ਵਿੱਚ ਰਾਇ-ਮਸ਼ਵਰੇ ਤਿਆਰ ਕਰਿਆ ਕਰਦੇ ਸਨ।

ਲੰਡਨ ਵਿਚਲੇ ਰਹਿਣ-ਸਹਿਣ, ਗੱਲਬਾਤ ਦੇ ਢੰਗ-ਤਰੀਕੇ ਤੋਂ ਪੂਰੀ ਤਰ੍ਹਾਂ ਵਾਕਫ਼ ਹੋ ਚੁੱਕੇ ਊਧਮ ਸਿੰਘ ਉਰਫ਼ ਰਾਮ ਮੁਹੰਮਦ ਸਿੰਘ

ਆਜ਼ਾਦ ਦੀ ਪ੍ਰਤਿੱਗਿਆ ਪੂਰੀ ਹੋਣ ਵਾਲਾ 13 ਮਾਰਚ, 1940 ਈ. ਦਾ ਦਿਨ ਚੜ੍ਹ ਹੀ ਗਿਆ। ਕੈਕਸਟਨ ਹਾਲ ਵਿੱਚ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਵੱਲੋਂ ਰੱਖੀ ਗਈ ਮੀਟਿੰਗ ਬਾਰੇ ਊਧਮ ਸਿੰਘ ਨੂੰ ਜਾਣਕਾਰੀ 13 ਮਾਰਚ ਤੋਂ ਪਹਿਲਾਂ ਮਿਲ ਗਈ ਜਿਸ ਨੂੰ ਸੰਬੋਧਨ ਕਰਨ ਲਈ ਸਾਬਕਾ ਗਵਰਨਰ ਸਰ ਮਾਈਕਲ ਓਡਵਾਇਰ ਨੇ ਵੀ ਪੁੱਜਣਾ ਸੀ।

13 ਮਾਰਚ ਨੂੰ ਬਾਅਦ ਦੁਪਹਿਰ ਮੀਟਿੰਗ ਆਰੰਭ ਹੋਈ। ਬਣਾਈ ਯੋਜਨਾ ਮੁਤਾਬਿਕ ਊਧਮ ਸਿੰਘ ਪਿਸਤੌਲ ਸਮੇਤ ਮੀਟਿੰਗ ਹਾਲ ਵਿੱਚ ਪੁੱਜਣ 'ਚ ਕਾਮਯਾਬ ਹੋ ਗਿਆ। ਮੀਟਿੰਗ ਵਿੱਚ ਉਸ ਸਮੇਂ 150 ਲੋਕ ਹਾਜ਼ਰ ਸਨ ਜਦਕਿ ਬੈਠਣ ਲਈ ਕੁਰਸੀਆਂ ਦਾ ਪ੍ਰਬੰਧ ਸੀ ਜਿਸ ਕਰਕੇ ਊਧਮ ਸਿੰਘ ਨੂੰ ਸੱਜੇ ਪਾਸੇ ਵਾਲੀ ਕੁਰਸੀਆਂ ਦੀ ਲਾਈਨ ਕੋਲ ਖੜ੍ਹੇ ਲੋਕਾਂ ਵਿੱਚ ਖੜ੍ਹਨਾ ਪਿਆ।

ਜੋਬਨ 'ਤੇ ਚੱਲ ਰਹੀ ਮੀਟਿੰਗ ਨੂੰ ਸੰਬੋਧਨ ਕਰਨ ਲਈ ਸੇਵਾਮੁਕਤ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਸਟੇਜ 'ਤੇ ਆਇਆ। ਓਡਵਾਇਰ ਨੇ ਭਾਰਤੀ ਅੰਦੋਲਨਕਾਰੀਆਂ ਖ਼ਿਲਾਫ਼ ਜ਼ਹਿਰ ਉਗਲਣੀ ਸ਼ੁਰੂ ਕੀਤੀ ਹੀ ਸੀ ਕਿ ਤਾੜ ਵਿੱਚ ਖੜ੍ਹੇ ਊਧਮ ਸਿੰਘ ਨੇ ਕਿਤਾਬ ਵਿੱਚੋਂ ਪਿਸਤੌਲ ਕੱਢਿਆ ਤੇ ਓਡਵਾਇਰ ਵੱਲ ਤਾਣ ਸਟੇਜ ਨੇੜੇ ਚਲਿਆ ਗਿਆ ਤੇ ਪਹਿਲੀ ਗੋਲੀ ਓਡਵਾਇਰ ਦੀ ਛਾਤੀ ਵਿੱਚ ਦਾਗ਼ ਦਿੱਤੀ। ਓਡਵਾਇਰ ਸੀਨੇ ਨੂੰ ਘੁੱਟਦਾ ਸਟੇਜ 'ਤੇ ਡਿੱਗ ਪਿਆ ਜਦਕਿ ਹਾਲ ਵਿੱਚ ਹਾਲ-ਦੁਹਾਈ ਤੇ ਭਗਦੜ ਮੱਚ ਗਈ। ਊਧਮ ਸਿੰਘ ਨੇ ਓਡਵਾਇਰ ਤੜਫਣ ਜੋਗਾ ਵੀ ਨਾ ਛੱਡਿਆ ਤੇ ਬੜੀ ਫੁਰਤੀ ਨਾਲ ਸਟੇਜ 'ਤੇ ਚੜ੍ਹ ਦੋ ਗੋਲੀਆਂ ਹੋਰ ਉਸ ਵਿੱਚ ਦੀ ਲੰਘਾ ਦਿੱਤੀਆਂ। ਕੁੱਲ ਚਾਰ ਗੋਲੀਆਂ ਊਧਮ ਸਿੰਘ ਨੇ ਦਾਗੀਆਂ ਜਿਨ੍ਹਾਂ ਵਿੱਚੋਂ ਇਕ ਗੋਲੀ ਇਕ ਹੋਰ ਅੰਗਰੇਜ਼ ਅਫ਼ਸਰ ਦੇ ਮੋਢੇ 'ਤੇ ਲੱਗੀ। ਓਡਵਾਇਰ ਦੇ ਸਦੀਵੀ ਖ਼ਾਤਮੇ ਦੀ ਤਸੱਲੀ ਹੋ ਜਾਣ ਤੋਂ ਬਾਅਦ ਊਧਮ ਸਿੰਘ ਸਟੇਜ ਤੋਂ ਗਰਜਿਆ, "ਮੇਰਾ ਕਿਸੇ ਮੁਲਕ ਜਾਂ ਕੌਮ ਨਾਲ ਕੋਈ ਵੈਰ-ਵਿਰੋਧ ਨਹੀਂ। ਮੈਂ ਭਾਰਤੀ ਹਾਂ। ਸਾਡੇ ਪੰਜਾਬ ਵਿੱਚ ਗਵਰਨਰ ਰਹੇ ਹੰਕਾਰੀ ਓਡਵਾਇਰ ਨੂੰ ਮੈਂ ਉਸੇ ਤਰਜ਼ 'ਤੇ ਮਾਰਿਆ ਹੈ ਜਿਸ ਤਰਜ਼ 'ਤੇ ਇਸ ਨੇ ਅੱਜ ਤੋਂ 21 ਸਾਲ ਪਹਿਲਾਂ ਪੰਜਾਬ ਦੇ ਜਲ੍ਹਿਆਂ ਵਾਲਾ ਬਾਗ਼ ਵਿੱਚ ਨਿਹੱਥੇ, ਬੇਦੋਸ਼ੇ ਭਾਰਤੀਆਂ ਦੇ ਖ਼ੂਨ ਦੀ ਹੋਲੀ ਖੇਡਣ ਦੀ ਇਜਾਜ਼ਤ ਆਪਣੇ ਪੁਲਿਸ ਅਫ਼ਸਰਾਂ ਨੂੰ ਦਿੱਤੀ ਸੀ। ਅੱਜ ਜੋ ਕੁਝ ਮੈਂ ਕੀਤਾ, ਇਸ ਨੂੰ ਕਰਨ ਦੀ ਪ੍ਰਤਿੱਗਿਆ ਮੈਂ ਉਸੇ ਦਿਨ ਬਾਗ਼ ਦੀ ਧਰਤੀ 'ਤੇ ਕੀਤੀ ਸੀ। ਮੈਂ ਖ਼ੁਸ਼ ਹਾਂ ਕਿ ਮੈਂ ਆਪਣੀ ਪ੍ਰਤਿੱਗਿਆ ਪੂਰੀ ਕਰਨ 'ਚ ਕਾਮਯਾਬ ਹੋਇਆ ਹਾਂ ਭਾਵੇਂ ਕਿ ਮੈਨੂੰ 21 ਵਰ੍ਹੇ ਜੱਦੋ-ਜਹਿਦ ਕਰਨੀ ਪਈ।" ਇਹ ਸ਼ਬਦ ਆਖ ਇਸ ਸੂਰਬੀਰ ਨੇ ਆਪਣੇ ਹੱਥ ਵਿਚਲਾ ਪਿਸਤੌਲ ਸਟੇਜ 'ਤੇ ਸੁੱਟਣ ਤੋਂ ਇਲਾਵਾ ਪੈਂਟ ਦੀ ਜੇਬ੍ਹ ਵਿੱਚ ਪਾਈ ਗੋਲੀਆਂ ਦੀ ਡੱਬੀ ਵੀ ਸੁੱਟ ਦਿੱਤੀ। ਉਸ ਸਮੇਂ ਊਧਮ ਸਿੰਘ ਦੇ ਚਿਹਰੇ 'ਤੇ ਸੰਤੁਸ਼ਟੀ ਵਾਲੇ ਹਾਵ-ਭਾਵ ਸਨ ਜਦ ਉਸ ਨੇ ਆਪਣੀ ਗ੍ਰਿਫ਼ਤਾਰੀ ਦਿੱਤੀ। ਉਸ ਨੂੰ ਬ੍ਰਿਸਟੇਲ ਦੀ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਮੁਕੱਦਮਾ ਚੱਲਿਆ। ਅਦਾਲਤ ਵਿੱਚ ਉਸ ਨੇ ਬੜੇ ਫ਼ਖ਼ਰ ਨਾਲ ਆਪਣਾ ਕਾਰਨਾਮਾ ਕਬੂਲ ਕੀਤਾ, "ਮਾਈਕਲ ਓਡਵਾਇਰ ਦੀ ਯੋਜਨਾਬੰਦੀ ਨਾਲ ਜਲ੍ਹਿਆਂ ਵਾਲਾ ਬਾਗ਼ ਵਿੱਚ ਵਾਪਰਿਆ ਇਕ-ਪਾਸੜ ਖ਼ੂਨੀ-ਕਾਂਡ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਹਜ਼ਾਰਾਂ ਔਰਤਾਂ, ਮਰਦ ਅਤੇ ਬੱਚਿਆਂ ਦੀਆਂ ਲਾਸ਼ਾਂ ਅਤੇ ਜ਼ਖ਼ਮੀਆਂ ਦੀ ਕੁਰਲਾਹਟ ਵਾਲਾ ਦ੍ਰਿਸ਼ ਅੱਜ ਵੀ ਮੇਰੀਆਂ ਅੱਖਾਂ ਸਾਹਮਣੇ ਘੁੰਮ ਰਿਹਾ ਹੈ। ਅਜਿਹਾ ਘਿਨਾਉਣਾ ਅਪਰਾਧ ਕਰਨ ਵਾਲੇ ਨੂੰ ਜੇਕਰ ਮੈਂ ਬਣਦੀ ਸਜ਼ਾ ਨਾ ਦਿੰਦਾ ਤਾਂ ਮੈਂ ਆਪਣੇ ਫ਼ਰਜ਼ ਤੋਂ ਕੁਤਾਹੀ ਕਰਦਾ ਤੇ ਮੇਰੀ ਆਤਮਾ ਮੈਨੂੰ ਕਦੇ ਵੀ ਮੁਆਫ਼ ਨਾ ਕਰਦੀ।"

ਪੇਸ਼ੀਆਂ ਪੈਂਦੀਆਂ ਰਹੀਆਂ। ਲੰਡਨ ਦੀਆਂ ਜੇਲ੍ਹਾਂ ਵਿੱਚ ਇਸ ਸੂਰਬੀਰ ਨੇ ਭਾਰਤਵਾਸੀਆਂ ਨੂੰ ਲਿਖੀਆਂ ਚਿੱਠੀਆਂ ਵਿੱਚ ਦੇਸ਼ ਦੀ ਆਜ਼ਾਦੀ ਲਈ ਚੱਲ ਰਹੇ ਸੰਗਰਾਮ ਨੂੰ ਚੱਲਦਾ ਰੱਖਣ ਲਈ ਵਾਰ-ਵਾਰ ਲਿਖਿਆ। ਆਖ਼ਰ 5 ਜੂਨ, 1940 ਈ. ਨੂੰ ਸੈਂਟਰਲ ਕ੍ਰਿਮੀਨਲ ਕੋਰਟ ਓਲਡ ਬੈਲੇ ਤੋਂ ਇਸ ਅਣਖੀ ਯੋਧੇ ਨੂੰ ਫ਼ਾਂਸੀ ਦੀ ਸਜ਼ਾ ਸੁਣਾ ਪੈਟਨਵਿਲੇ ਜੇਲ੍ਹ ਵਿੱਚ ਭੇਜ ਦਿੱਤਾ। ਮਿਤੀ 13 ਜੂਨ, 1940 ਨੂੰ ਫ਼ਾਂਸੀ ਦੇਣ ਦੀ ਤਾਰੀਖ਼ 31 ਜੁਲਾਈ, 1940 ਮੁਕੱਰਰ ਕੀਤੀ ਗਈ। ਫਾਂਸੀ ਦੇ ਤਖ਼ਤੇ 'ਤੇ ਚੜ੍ਹਨ ਸਮੇਂ ਊਧਮ ਸਿੰਘ ਤੋਂ ਆਖ਼ਰੀ ਇੱਛਾ ਪੁੱਛੀ ਗਈ। ਜਵਾਬ ਮਿਲਿਆ, "ਮੈਂ ਭਾਰਤ ਦੇਸ਼ ਨੂੰ ਆਜ਼ਾਦ ਵੇਖਣਾ ਚਾਹੁੰਦਾ ਹਾਂ। ਫਾਂਸੀ ਤੋਂ ਬਾਅਦ ਮੇਰੀ ਮ੍ਰਿਤਕ ਦੇਹ ਮੇਰੀ ਜਨਮ-ਭੂਮੀ ਸੁਨਾਮ ਵਿੱਚ ਭੇਜ ਦਿੱਤੀ ਜਾਵੇ।"

ਮਿਤੀ 31 ਜੁਲਾਈ, 1940 ਈ. ਨੂੰ ਇਸ ਦ੍ਰਿੜ੍ਹ, ਅਣਖੀ ਸੂਰਬੀਰ ਨੂੰ ਫਾਂਸੀ ਦੇ ਦਿੱਤੀ ਗਈ ਪਰ ਜ਼ਾਲਮ, ਨਿਰਦਈ ਵਿਦੇਸ਼ੀ ਹਕੂਮਤ ਨੇ ਇਸ ਕੌਮੀ ਪਰਵਾਨੇ ਦੀ ਅੰਤਿਮ ਇੱਛਾ ਪੂਰੀ ਨਾ ਕੀਤੀ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਸ ਬਹਾਦਰ ਸਪੂਤ ਦੀ ਅੰਤਿਮ ਇੱਛਾ ਤਦ ਪੂਰੀ ਹੋਈ ਜਦ ਸਾਡੀ ਸਰਕਾਰ ਦੇ ਯਤਨਾਂ ਸਦਕਾ ਇਸ ਅਣਖੀ ਯੋਧੇ ਦੀਆਂ ਅਸਥੀਆਂ 19 ਜੁਲਾਈ, ਸੰਨ 1974 ਈ. ਨੂੰ ਭਾਰਤ ਲਿਆਂਦੀਆਂ ਗਈਆਂ। ਮਿਤੀ 31 ਜੁਲਾਈ ਨੂੰ ਪੂਰੇ ਸਰਕਾਰੀ ਸਨਮਾਨਾਂ ਨਾਲ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦਾ ਅੰਤਿਮ ਸਸਕਾਰ ਉਸ ਦੇ ਜੱਦੀ ਕਸਬੇ ਸੁਨਾਮ (ਪਟਿਆਲਾ) ਵਿਖੇ ਕੀਤਾ ਗਿਆ। ਬਾਅਦ ਵਿੱਚ ਸੁਨਾਮ ਵਿਖੇ ਊਧਮ ਸਿੰਘ ਦੇ ਨਾਂ 'ਤੇ ਸਰਕਾਰੀ ਕਾਲਜ ਖੋਲ੍ਹਿਆ ਗਿਆ। ਪੰਜਾਬ ਸਰਕਾਰ ਨੇ ਇਸ ਕੌਮੀ ਸੂਰਬੀਰ ਦੀ ਸਦੀਵੀ ਯਾਦ ਲਈ ਉਸ ਦਾ ਸ਼ਾਨਦਾਰ ਬੁੱਤ ਵੀ ਸਥਾਪਤ ਕਰਵਾਇਆ। ਹਰ ਸਾਲ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਸਰਕਾਰੀ ਤੌਰ 'ਤੇ ਕਸਬਾ ਸੁਨਾਮ ਵਿੱਚ ਮਨਾਇਆ ਜਾਂਦਾ ਹੈ। ਭਾਰਤ ਵਿਚਲੇ ਉੱਚਤਮ ਕੌਮੀ ਸ਼ਹੀਦਾਂ ਦੀ ਕਤਾਰ ਵਿਚਲੇ ਇਸ ਸੂਰਬੀਰ ਨੂੰ ਕੁਝ ਲੋਕ ਆਪੋ-ਆਪਣੇ ਭਾਈਚਾਰਿਆਂ, ਜ਼ਾਤਾਂ ਅਤੇ ਧਰਮਾਂ ਨਾਲ ਜੋੜ ਉਸ ਦੀ ਕੁਰਬਾਨੀ ਅਤੇ ਕੀਤੇ ਮਹਾਨ ਕਾਰਨਾਮੇ ਨੂੰ ਵੱਖਰੀ ਦਿਸ਼ਾ ਦੇਣ ਦਾ ਯਤਨ ਕਰਦੇ ਆ ਰਹੇ ਹਨ ਜਦਕਿ ਉਸ ਨੇ ਜਾਤ-ਪਾਤ, ਭਾਈਚਾਰਿਆਂ ਦੀ ਵਲਗਣ ਤੋਂ ਉੱਪਰ ਉੱਠਦਿਆਂ ਹੀ ਆਪਣਾ ਨਾਂ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ ਸੀ।

*ਪਿੰਡ ਤੇ ਡਾਕ: ਨੂਰਪੁਰਾ, ਵਾਇਆ ਹਲਵਾਰਾ,*

*ਜ਼ਿਲ੍ਹਾ ਲੁਧਿਆਣਾ-141107 (ਪੰਜਾਬ)*

ਬਾਲ ਕਹਾਣੀ

# ਜਿੱਥੇ ਨਾਨੀ ਉੱਥੇ ਨਾਨਕੇ

ਦਰਸ਼ਨ ਸਿੰਘ ਬਨੂੜ

ਸਕੂਲ ਵਿੱਚ ਜੂਨ ਮਹੀਨੇ ਦੀਆਂ ਛੁੱਟੀਆਂ ਹੋ ਗਈਆਂ ਸਨ। ਸਹਿਜ ਪੂਰੇ ਜ਼ੋਰਾਂ-ਸ਼ੋਰਾਂ ਨਾਲ ਆਪਣਾ ਛੁੱਟੀਆਂ ਦਾ ਕੰਮ ਮੁਕਾਉਣ ਲੱਗਿਆ ਹੋਇਆ ਸੀ। ਉਹ ਜਲਦੀ ਤੋਂ ਜਲਦੀ ਆਪਣਾ ਸਾਰਾ ਕੰਮ ਮੁਕਾ ਲੈਣਾ ਚਾਹੁੰਦਾ ਸੀ। ਕਿਉਂਕਿ ਉਸ ਨੂੰ ਆਪਣੇ ਨਾਨਕੇ ਘਰ ਜਾਣ ਦੀ ਕਾਹਲੀ ਪਈ ਹੋਈ ਸੀ।

ਸਿਮਰਨ ਕਈ ਵਾਰ ਉਸ ਨੂੰ ਟੋਕਦੀ ਹੋਈ ਕਹਿੰਦੀ, "ਸਹਿਜ ਵੀਰੇ ਏਦਾਂ ਨਹੀਂ ਕਰੀਦਾ ਕਿ ਛੁੱਟੀਆਂ ਦਾ ਸਾਰਾ ਕੰਮ ਇਕੋ ਦਿਨ ਵਿੱਚ ਨਿਬੇੜ ਦੇਈਏ। ਇਹ ਤਾਂ ਹਰ ਰੋਜ਼ ਥੋੜ੍ਹਾ-ਥੋੜ੍ਹਾ ਕਰਕੇ ਮੁਕਾਉਣਾ ਹੁੰਦਾ ਹੈ।

ਸਹਿਜ, ਸਿਮਰਨ ਦੀ ਗੱਲ ਨੂੰ ਅਣਗੌਲਿਆਂ ਕਰਦਾ ਹੋਇਆ ਕਹਿੰਦਾ, "ਬਸ ਆਪਣਾ ਤਾਂ ਦੋ ਕਾਪੀਆਂ ਦਾ ਕੰਮ ਰਹਿ ਗਿਆ ਹੈ। ਉਹ ਵੀ ਅੱਜ ਸ਼ਾਮ ਤੱਕ ਨਬੇੜ ਦੇਣਾ ਹੈ। ਫੇਰ ਆਪਾਂ ਵਿਹਲੇ।"

ਸਿਮਰਨ, ਸਹਿਜ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਪਰ ਉਸ ਨੂੰ ਤਾਂ ਕੰਮ ਮੁਕਾਉਣ ਦੀ ਕਾਹਲੀ ਸੀ। ਸਹਿਜ ਨੇ ਦੋ ਦਿਨਾਂ ਵਿੱਚ ਹੀ ਆਪਣਾ ਕੰਮ ਨਬੇੜ ਕੇ ਸਕੂਲ ਬੈਗ ਕਿੱਲੀ ਉੱਤੇ ਟੰਗ ਦਿੱਤਾ।

ਸਿਮਰਨ ਨੇ ਸਮਾਂ-ਸਾਰਨੀ ਬਣਾ ਕੇ ਆਪਣਾ ਕੰਮ ਸ਼ੁਰੂ ਕੀਤਾ। ਉਹ ਹਰ ਰੋਜ਼ ਹਰ ਵਿਸ਼ੇ ਦਾ ਅੱਧਾ ਅੱਧਾ ਘੰਟਾ ਲਾ ਕੇ ਕੰਮ ਕਰਦੀ।

"ਮੰਮੀ ਮੇਰਾ ਕੰਮ ਖ਼ਤਮ ਹੋ ਗਿਆ ਹੈ। ਹੁਣ ਆਪਾਂ ਕਦੋਂ ਜਾਣਾ ਹੈ ਨਾਨਕੇ ?" ਸਹਿਜ ਨੇ ਆਪਣੀ ਮੰਮੀ ਦੇ ਲਾਗੇ ਬੈਠਦਿਆਂ ਕਿਹਾ।

"ਸਹਿਜ ਇਸ ਵਾਰ ਗਰਮੀ ਬਹੁਤ ਹੈ। ਆਰਾਮ ਨਾਲ ਘਰ ਬੈਠੋ। ਨਾਲੇ ਪਿੰਡਾਂ ਵਿੱਚ ਕਿੰਨਾ ਕਿੰਨਾ ਚਿਰ ਬਿਜਲੀ ਨਹੀਂ ਆਉਂਦੀ। ਹਾਂ ਸੱਚ, ਨਾਲੇ ਸਿਮਰਨ ਕਹਿੰਦੀ ਸੀ ਕਿ ਤੂੰ ਸਾਰੇ ਮਹੀਨੇ ਦਾ ਸਕੂਲ ਦਾ ਕੰਮ ਦੋ ਦਿਨਾਂ ਵਿੱਚ ਹੀ ਨਬੇੜ ਦਿੱਤਾ। ਛੁੱਟੀਆਂ ਦਾ ਇਹ ਮਤਲਬ ਨਹੀਂ ਹੁੰਦਾ ਕਿ ਦੋ ਦਿਨਾਂ ਵਿੱਚ ਹੀ ਸਾਰਾ ਕੰਮ ਨਬੇੜ ਲਵੋ ਤੇ ਬਾਕੀ ਸਾਰਾ ਮਹੀਨਾ ਵਿਹਲੇ ਰਹੋ। ਥੋੜ੍ਹਾ ਥੋੜ੍ਹਾ ਕੰਮ ਹਰ ਰੋਜ਼ ਕਰਨਾ ਹੁੰਦਾ ਹੈ ਤਾਂ ਕਿ ਪੜ੍ਹਾਈ ਵਿੱਚ ਲਗਾਤਾਰ ਰੁਚੀ ਬਣੀ ਰਹੇ।" ਸਹਿਜ ਦੀ ਮੰਮੀ ਨੇ ਉਸ ਨੂੰ ਸਮਝਾਉਂਦਿਆਂ ਕਿਹਾ।

"ਮੰਮੀ ਇਸ ਨੂੰ ਸਮਝਾਉਣ ਦਾ ਕੋਈ ਫ਼ਾਇਦਾ ਨਹੀਂ।" ਸਿਮਰਨ ਨੇ ਆਪਣੀ ਮੰਮੀ ਕੋਲੋਂ ਸਵਾਲ ਸਮਝਦਿਆਂ ਕਿਹਾ।

ਸਹਿਜ ਨਾਨਕੇ ਜਾਣ ਲਈ ਤਰਲੋ-ਮੱਛੀ ਹੋ ਰਿਹਾ ਸੀ। ਉਹ ਕਦੇ ਆਪਣੀ ਮੰਮੀ ਦੀਆਂ ਮਿੰਨਤਾਂ ਕਰਦਾ ਤੇ ਕਦੇ ਪਾਪਾ ਦੇ ਤਰਲੇ ਕੱਢਦਾ।

"ਪਾਪਾ ਪਲੀਜ਼...ਮੈਨੂੰ ਨਾਨਕੇ ਛੱਡ ਆਓ।" ਮੈਂ ਆਪਣਾ ਛੁੱਟੀਆਂ ਦਾ ਕੰਮ ਵੀ ਮੁਕਾ ਲਿਆ ਹੈ।" ਸਹਿਜ ਨੇ ਪਾਪਾ ਨੂੰ ਲਾਡ ਨਾਲ ਕਿਹਾ।

"ਨਹੀਂ ਨਹੀਂ ਇਸ ਵਾਰ ਕਿਤੇ ਨਹੀਂ ਜਾਣਾ ਤੂੰ। ਪਿਛਲੀ ਵਾਰ ਜਦੋਂ ਤੂੰ ਨਾਨਕੇ ਗਿਆ ਸੀ ਤਾਂ ਕੋਠੇ ਤੋਂ ਡਿੱਗ ਕੇ ਬਾਂਹ ਤੁੜਵਾ ਲਈ ਸੀ। ਯਾਦ ਹੈ ਨਾ, ਇਕ ਮਹੀਨਾ ਬੈਠਾ ਰਿਹਾ ਸੀ ਮੰਜੇ ਤੇ।" ਸਹਿਜ ਦੇ ਪਾਪਾ ਨੇ ਉਸ ਨੂੰ ਘੂਰਦਿਆਂ ਕਿਹਾ।

"ਨਹੀਂ ਪਾਪਾ ਪਲੀਜ਼...ਇਸ ਵਾਰ ਸ਼ਰਾਰਤਾਂ ਨਹੀਂ ਕਰਾਂਗਾ।" ਸਹਿਜ ਨੇ ਆਪਣੀ ਮੰਮੀ ਵੱਲ ਵੇਖਦਿਆਂ ਕਿਹਾ।

ਸਿਮਰਨ, ਪਾਪਾ ਦੀਆਂ ਸਾਰੀਆਂ ਗੱਲਾਂ ਨੂੰ ਧਿਆਨ ਨਾਲ ਸੁਣ ਰਹੀ ਸੀ। ਉਹ ਹੈ ਵੀ ਬੜੀ ਸਿਆਣੀ ਸੀ। ਸਹਿਜ ਵਾਂਗ ਹਰ ਗੱਲ 'ਤੇ ਜ਼ਿੱਦ ਨਹੀਂ ਸੀ ਕਰਦੀ।

"ਮੰਮੀ ਇਸ ਵਾਰ ਆਪਾਂ ਨਾਨੀ ਜੀ ਨੂੰ ਆਪਣੇ ਕੋਲ ਹੀ ਲੈ ਆਉਂਦੇ ਹਾਂ। ਨਾਲੇ ਉਹਨਾਂ ਦੀ ਤਬੀਅਤ ਵੀ ਠੀਕ ਨਹੀਂ ਰਹਿੰਦੀ, ਹਸਪਤਾਲ ਵਿੱਚੋਂ ਉਹਨਾਂ ਦੇ ਟੈਸਟ ਵੀ ਕਰਵਾ ਦੇਵਾਂਗੇ।" ਸਿਮਰਨ ਨੇ ਆਪਣੀ ਮੰਮੀ ਨਾਲ ਰਸੋਈ ਦੇ ਕੰਮ ਵਿੱਚ ਹੱਥ ਵਟਾਉਂਦਿਆਂ ਕਿਹਾ।

"ਠੀਕ ਹੈ ਆਪਾਂ ਤੇਰੇ ਪਾਪਾ ਨਾਲ ਗੱਲ ਕਰਾਂਗੇ।" ਸਿਮਰਨ ਦੀ ਮੰਮੀ ਨੇ ਕਿਹਾ। ਰਾਤੀਂ ਖਾਣੇ ਦੇ ਟੇਬਲ 'ਤੇ ਬੈਠਦਿਆਂ ਸਹਿਜ ਦੇ ਪਾਪਾ ਨੇ ਕਿਹਾ, "ਸਿੰਮੀ ਕੀ ਗੱਲ ਅੱਜ ਸਹਿਜ ਦਾ ਮੂਡ ਠੀਕ ਨਹੀਂ ਲੱਗਦਾ।"

"ਹਾਂ ਪਾਪਾ, ਅੱਜ ਇਹਨੇ ਦੁਪਹਿਰੇ ਵੀ ਖਾਣਾ ਨਹੀਂ ਖਾਧਾ। ਬਸ ਨਾਨਕੇ ਜਾਣ ਦੀ ਜ਼ਿੱਦ ਫੜੀ ਹੋਈ ਹੈ।" ਸਿਮਰਨ ਨੇ ਪਾਪਾ ਨੂੰ ਖਾਣਾ ਪਰੋਸਦਿਆਂ ਕਿਹਾ।

"ਹਾਂ ਸੱਚ ਪਾਪਾ ਮੈਂ ਅਤੇ ਮੰਮੀ ਨੇ ਇਹ ਸਲਾਹ ਕੀਤੀ ਹੈ ਕਿ ਇਸ ਵਾਰ ਅਸੀਂ ਨਾਨੀ ਜੀ ਨੂੰ ਆਪਣੇ ਕੋਲ ਹੀ ਲੈ ਆਉਂਦੇ ਹਾਂ, ਨਾਲੇ ਉਹਨਾਂ ਨੂੰ ਦਵਾਈ ਵੀ ਦਵਾ ਦਿਆਂਗੇ।"

"ਠੀਕ ਹੈ ਪੁੱਤਰ, ਤੁਸੀਂ ਕੱਲ੍ਹ ਹੀ ਚਲੇ ਜਾਓ, ਨਾਲੇ ਸਹਿਜ ਦੀ ਜ਼ਿੱਦ ਵੀ ਪੂਰੀ ਹੋ ਜਾਵੇਗੀ।"

ਨਾਨਕੇ ਜਾਣ ਦੀ ਗੱਲ ਸੁਣਦੇ ਸਾਰ ਹੀ ਸਹਿਜ ਨੂੰ ਚਾਅ ਚੜ੍ਹ ਗਿਆ। ਅਗਲੀ ਸਵੇਰ ਸਹਿਜ, ਸਿਮਰਨ ਆਪਣੀ ਮੰਮੀ ਨਾਲ ਨਾਨਕੇ ਘਰ ਪਹੁੰਚ ਗਏ। ਸਹਿਜ ਅਤੇ ਸਿਮਰਨ ਨੂੰ ਆਏ ਵੇਖ ਕੇ ਉਸ ਦੀ ਨਾਨੀ ਬਹੁਤ ਖ਼ੁਸ਼ ਹੋਈ। ਉਸ ਨੇ ਬੱਚਿਆਂ ਦਾ ਸਿਰ ਪਲੋਸਦਿਆਂ ਗੋਦੀ ਵਿੱਚ ਬਿਠਾ ਲਿਆ।

"ਨਾਨੀ, ਬਿੱਲੂ ਤੇ ਰੋਜ਼ੀ ਕਿੱਥੇ ਨੇ ?" ਸਹਿਜ ਨੇ ਕਮਰਿਆਂ 'ਚ ਘੁੰਮ ਕੇ ਦੇਖਣ ਤੋਂ ਬਾਅਦ ਨਾਨੀ ਕੋਲੋਂ ਪੁੱਛਿਆ।

"ਪੁੱਤਰ ਉਹ ਵੀ ਕੱਲ੍ਹ ਦੇ ਆਪਣੇ ਨਾਨਕੇ ਗਏ ਨੇ।" ਤੁਸੀਂ ਬੈਠੋ ਮੈਂ ਹੁਣੇ ਚਾਹ ਬਣਾ ਕੇ ਲਿਆਉਂਦੀ ਹਾਂ।"

ਸਹਿਜ ਦੀ ਮੰਮੀ ਵੀ ਉਸ ਦੀ ਨਾਨੀ ਨਾਲ ਹੀ ਰਸੋਈ ਵਿੱਚ ਚਲੇ ਗਏ।

ਸਹਿਜ ਰਿਮੋਟ ਫੜ ਕੇ ਟੈਲੀਵਿਜ਼ਨ ਮੂਹਰੇ ਬੈਠ ਗਿਆ। ਟੈਲੀਵਿਜ਼ਨ ਚਲਦਾ ਨਾ ਵੇਖ ਕੇ ਉਸ ਨੇ ਆਵਾਜ਼ ਮਾਰਦਿਆਂ ਕਿਹਾ, "ਨਾਨੀ ਜੀ ਆਹ ਟੈਲੀਵਿਜ਼ਨ ਕਿਉਂ ਨਹੀਂ ਚੱਲਦਾ।"

"ਪੁੱਤ ਰਾਤ ਦੀ ਬਿਜਲੀ ਹੀ ਨਹੀਂ ਆਈ। ਪਰ ਤੂੰ ਚਿੰਤਾ ਨਾ ਕਰ, ਆ ਜਾਂਦੀ ਹੁਣੇ, ਤੇਰਾ ਮਾਮਾ ਕਹਿੰਦਾ ਸੀ ਕਿ ਠੀਕ ਕਰ ਰਹੇ ਨੇ।" ਰਸੋਈ ਵਿੱਚੋਂ ਹੀ ਆਵਾਜ਼ ਮਾਰਦਿਆਂ ਸਹਿਜ ਦੀ ਨਾਨੀ ਨੇ ਕਿਹਾ।

ਨਾ ਟੈਲੀਵਿਜ਼ਨ, ਨਾ ਕੰਪਿਊਟਰ ਤੇ ਨਾ ਹੀ ਖੇਡਣ ਲਈ ਬਿੱਲੂ ਤੇ ਰੋਜ਼ੀ। ਸਹਿਜ ਦਾ ਨਾਨਕੇ ਜਾਣ ਦਾ ਸਾਰਾ ਚਾਅ ਇੱਕ ਦਿਨ ਵਿੱਚ ਹੀ ਮੱਠਾ ਪੈ ਗਿਆ।

ਅਗਲੀ ਸਵੇਰ ਉਹ ਨਾਨੀ ਨੂੰ ਨਾਲ ਲੈ ਕੇ ਆਪਣੇ ਘਰ ਆ ਗਏ।

"ਪਾਪਾ ਇਹਨੂੰ ਸਮਝਾਓ, ਜਿਹੜਾ ਕੰਮ ਇਹਨੇ ਦੋ ਦਿਨਾਂ ਵਿੱਚ ਖ਼ਤਮ ਕਰ ਲਿਆ ਹੈ ਹੁਣ ਹੋਰ ਰੋਜ਼ ਥੋੜ੍ਹਾ-ਥੋੜ੍ਹਾ ਰਿਵੀਜ਼ਨ ਕਰੇ।" ਸਿਮਰਨ ਨੇ ਸਕੂਲ ਬੈਗ ਚੁੱਕ ਕੇ ਨਾਨੀ ਕੋਲ ਬੈਠਦਿਆਂ ਕਿਹਾ।

"ਹਾਂ ਬਈ ਸਹਿਜ ਜਿਸ ਤਰ੍ਹਾਂ ਦੀਦੀ ਕਹਿੰਦੀ ਐ ਉਸੇ ਤਰ੍ਹਾਂ ਕਰ।" ਸਹਿਜ ਦੇ ਪਾਪਾ ਨੇ ਥੋੜ੍ਹਾ ਸਖ਼ਤ ਹੁੰਦਿਆਂ ਕਿਹਾ।

"ਠੀਕ ਹੈ ਪਾਪਾ।" ਸਹਿਜ ਬੋਲਿਆ।

ਹੁਣ ਸਿਮਰਨ ਸਕੂਲ ਦਾ ਕੰਮ ਕਰਦੀ ਅਤੇ ਸਹਿਜ ਕੋਲ ਬੈਠ ਕੇ ਕੀਤੇ ਹੋਏ ਕੰਮ ਦੀ ਰਿਵੀਜ਼ਨ ਕਰਦਾ। ਰਾਤੀਂ ਦੋਵੇਂ ਭੈਣ-ਭਰਾ ਕਹਾਣੀ ਸੁਣਨ ਲਈ ਨਾਨੀ ਦੇ ਦੁਆਲੇ ਹੋ ਜਾਂਦੇ ਅਤੇ ਦੇਰ ਰਾਤ ਤੱਕ ਕਹਾਣੀਆਂ ਸੁਣਦੇ ਰਹਿੰਦੇ। ਕਦੇ-ਕਦੇ ਸਿਮਰਨ ਸਹਿਜ ਨੂੰ ਚਿੜ੍ਹਾਉਣ ਖ਼ਾਤਰ ਆਖਦੀ, "ਹਾਂ ਵੀਰੇ ਹੁਣ ਦੱਸ ਜਾਣਾ ਨਾਨਕੇ ?"

ਸਹਿਜ ਨਾਨੀ ਵੱਲ ਦੇਖ ਮੁਸਕੜੀ ਜਿਹੀ ਹੱਸਦਾ ਹੌਲੀ ਜਿਹੀ ਕਹਿੰਦਾ, "ਛੱਡੋ ਜੀ, ਜਿੱਥੇ ਆਪਣੀ ਨਾਨੀ, ਉੱਥੇ ਆਪਣੇ ਨਾਨਕੇ।"

*ਪਿੰਡ ਤੇ ਡਾਕਘਰ ਬਨੂੜ,*
*ਤਹਿਸੀਲ ਤੇ ਜ਼ਿਲ੍ਹਾ ਐੱਸ.ਏ.ਐੱਸ. ਨਗਰ,*
*C-301/8, ਗੁਰੂ ਨਾਨਕ ਨਗਰ, ਬਨੂੜ (ਪੰਜਾਬ)*

## ਪਾਠਕਾਂ ਲਈ ਸੂਚਨਾ

ਨਵੀਂ ਦਿੱਲੀ 'ਪਾਲਿਕਾ ਸਮਾਚਾਰ' ਹੁਣ ਨਵੇਂ ਕਲੇਵਰ ਅਤੇ ਬਹੁਰੰਗੀ ਰੂਪ ਵਿੱਚ ਆਪ ਦੇ ਸਨਮੁਖ ਪੇਸ਼ ਹੈ। ਕਵਿਤਾਵਾਂ, ਗ਼ਜ਼ਲਾਂ, ਗੀਤਾਂ, ਕਹਾਣੀਆਂ ਅਤੇ ਲੇਖ ਦੇ ਇਲਾਵਾ ਅਨੇਕਾਂ ਪ੍ਰਕਾਰ ਦੀ ਸਮੱਗਰੀ ਨਾਲ ਭਰਪੂਰ 'ਪਾਲਿਕਾ ਸਮਾਚਾਰ' ਦੇ ਗਾਹਕ ਬਣੋ। 'ਪਾਲਿਕਾ ਸਮਾਚਾਰ' (ਪੰਜਾਬੀ) ਦਾ ਚੰਦਾ ਹੁਣ ਇਸ ਪ੍ਰਕਾਰ ਹੈ :--

| | | |
|---|---|---|
| ਇਕ ਕਾਪੀ | : | 20 ਰੁਪਏ |
| ਸਾਲਾਨਾ | : | 100 ਰੁਪਏ |
| ਪੰਜ ਸਾਲਾਂ ਲਈ | : | 400 ਰੁਪਏ |

'ਪਾਲਿਕਾ ਸਮਾਚਾਰ' (ਪੰਜਾਬੀ) ਦਾ ਚੰਦਾ ਆਪ ਮਨੀ-ਆਰਡਰ ਰਾਹੀਂ ਸਕੱਤਰ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ, ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ, ਪਾਲਿਕਾ ਕੇਂਦਰ, ਸੰਸਦ ਮਾਰਗ, ਨਵੀਂ ਦਿੱਲੀ-110001 ਦੇ ਨਾਂ ਭੇਜ ਸਕਦੇ ਹੋ।

*– ਸੰਪਾਦਕ*

ਬਾਲ ਕਹਾਣੀ

# ਘਰ ਦਾ ਭੇਤੀ

**ਪਰਮਜੀਤ ਕੌਰ ਆਸ਼ਟ**

ਇਕ ਸੰਘਣਾ ਜੰਗਲ ਸੀ। ਜੰਗਲ ਵਿੱਚ ਸਾਰੇ ਮਿਲ-ਜੁਲ ਕੇ ਰਹਿੰਦੇ ਸਨ। ਕਿਸੇ ਨੂੰ ਵੀ ਕੋਈ ਕਸ਼ਟ ਨਹੀਂ ਸੀ। ਇਕ ਦਿਨ ਕੁਝ ਪਸ਼ੂ ਕਿਧਰੇ ਜਾ ਰਹੇ ਸਨ ਕਿ ਉਨ੍ਹਾਂ ਨੂੰ ਅਚਾਨਕ ਹੀ ਸੁੱਕੇ ਹੋਏ ਪੱਤਿਆਂ ਅਤੇ ਘਾਹ-ਫੂਸ ਹੇਠਾਂ ਕੁਝ ਅਜੀਬ ਜਿਹੀਆਂ ਚੀਜ਼ਾਂ ਨਜ਼ਰ ਆਈਆਂ। ਸਾਰਿਆਂ ਨੇ ਮਿਲ-ਜੁਲ ਕੇ ਉਹ ਜਗ੍ਹਾ ਸਾਫ਼ ਕੀਤੀ ਤੇ ਵੇਖਿਆ ਕਿ ਉੱਥੇ ਬਹੁਤ ਸਾਰੀਆਂ ਕੁਹਾੜੀਆਂ ਪਈਆਂ ਸਨ। ਲੋਹੇ ਦੀਆਂ ਕੁਹਾੜੀਆਂ ਵੇਖ ਕੇ ਇੰਜ ਜਾਪਦਾ ਸੀ ਜਿਵੇਂ ਕਿਸੇ ਨੇ ਖ਼ਾਸ ਮਕਸਦ ਲਈ ਹੀ ਉਨ੍ਹਾਂ ਨੂੰ ਲੁਕਾਇਆ ਸੀ।

ਕੁਹਾੜੀਆਂ ਉੱਤੇ ਇਕ ਸਰਸਰੀ ਜਿਹੀ ਨਜ਼ਰ ਮਾਰ ਕੇ ਪਸ਼ੂ ਤਾਂ ਅੱਗੇ ਚੱਲ ਪਏ ਸਨ ਪਰ ਦਰਖ਼ਤਾਂ ਦੇ ਚਿਹਰਿਆਂ ਤੇ ਹਵਾਈਆਂ ਉੱਡਣ ਲੱਗੀਆਂ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਹੁਣ ਉਨ੍ਹਾਂ ਦੀ ਸ਼ਾਂਤੀ ਅਤੇ ਸੁੱਖ-ਚੈਨ ਦੇ ਦਿਨ ਖ਼ਤਮ ਹੋਣ ਦੇ ਨੇੜੇ ਆ ਗਏ ਹਨ। ਜ਼ਰੂਰ ਇਹ ਕੁਹਾੜੀਆਂ ਕਿਸੇ ਲੱਕੜਹਾਰੇ ਨੇ ਲੁਕੋਈਆਂ ਹੋਣਗੀਆਂ ਅਤੇ ਕਿਸੇ ਨਾ ਕਿਸੇ ਦਿਨ ਉਹ ਸਾਨੂੰ ਧਰਤੀ ਵਿੱਚ ਮਿਲਾਉਣ ਲਈ ਆ ਧਮਕੇਗਾ।"

ਇਹ ਗੱਲ ਜੰਗਲ ਦੇ ਸਭ ਤੋਂ ਬਜ਼ੁਰਗ ਰੁੱਖ ਤੱਕ ਪਹੁੰਚੀ। ਉਹ ਕਾਫ਼ੀ ਉੱਚਾ ਤਾਂ ਹੈ ਹੀ ਸੀ ਅਤੇ ਉਹਦਾ ਤਣਾ ਵੀ ਬਹੁਤ ਮੋਟਾ ਸੀ। ਦੂਰੋਂ ਵੇਖਣ ਤੋਂ ਲੱਗ ਰਿਹਾ ਸੀ ਕਿ ਉਹਨੇ ਕਾਫ਼ੀ ਦੁਨੀਆ ਵੇਖੀ ਹੈ। ਉਹਨੇ ਪਰੇਸ਼ਾਨ ਹੋਏ ਰੁੱਖਾਂ ਤੋਂ ਪੁੱਛਿਆ, "ਤੁਸੀਂ ਰੋ ਕਿਉਂ ਰੋ ਰਹੇ ਹੋ?"

"ਜੰਗਲ ਵਿੱਚੋਂ ਕਾਫ਼ੀ ਗਿਣਤੀ ਵਿੱਚ ਕੁਹਾੜੀਆਂ ਮਿਲੀਆਂ ਹਨ ਇਹ ਜ਼ਰੂਰ ਕਿਸੇ ਲੱਕੜਹਾਰੇ ਦਾ ਕੰਮ ਹੈ। ਉਹ ਜਲਦੀ ਹੀ ਇਧਰ ਆਵੇਗਾ ਅਤੇ ਸਾਨੂੰ ਵੱਢ-ਟੁੱਕ ਕੇ ਜ਼ਮੀਨ ਵਿੱਚ ਮਿਲਾ ਦੇਵੇਗਾ। ਹੁਣ ਸਾਡੀ ਸੁੱਖ-ਸ਼ਾਂਤੀ ਦੇ ਦਿਹਾੜੇ ਗਿਣੇ-ਚੁਣੇ ਹੀ ਬਾਕੀ ਹਨ।" ਸਾਰੇ ਰੁੱਖਾਂ ਨੇ ਇਕ ਹੀ ਆਵਾਜ਼ ਵਿੱਚ ਉੱਤਰ ਦਿੱਤਾ।

ਬਜ਼ੁਰਗ ਰੁੱਖ ਨੇ ਪੁੱਛਿਆ, "ਉਹ ਕੁਹਾੜੀਆਂ ਖਾਲੀ ਹੀ ਹਨ ਜਾਂ ਉਨ੍ਹਾਂ ਵਿੱਚ ਬਾਹੇਂ (ਦਸਤੇ) ਵੀ ਹਨ?"

"ਨਹੀਂ, ਅਜੇ ਤਾਂ ਸਿਰਫ਼ ਖਾਲੀ ਕੁਹਾੜੀਆਂ ਹੀ ਮਿਲੀਆ ਹਨ।" ਰੁੱਖਾਂ ਨੇ ਉੱਤਰ ਦਿੱਤਾ।

ਇਹ ਸੁਣ ਕੇ ਬਜ਼ੁਰਗ ਰੁੱਖ ਨੇ ਸੁੱਖ ਦਾ ਸਾਹ ਲਿਆ ਅਤੇ ਕਿਹਾ, "ਤਾਂ ਫੇਰ ਡਰਨ ਦੀ ਕੋਈ ਲੋੜ ਨਹੀਂ। ਖਾਲੀ ਕੁਹਾੜੀਆਂ ਸਾਡਾ ਕੁਝ ਨਹੀਂ ਵਿਗਾੜ ਸਕਦੀਆਂ। ਉਹ ਉਦੋਂ ਤੱਕ ਨੁਕਸਾਨ ਨਹੀਂ ਪਹੁੰਚਾ ਸਕਦੀਆਂ ਜਦੋਂ ਤੱਕ ਸਾਡੀ ਬਰਾਦਰੀ ਵਿੱਚੋਂ ਕੋਈ ਉਹਨਾਂ ਨਾਲ ਜਾ ਕੇ ਮਿਲ ਨਹੀਂ ਜਾਂਦਾ। ਜਦ ਤੱਕ ਸਾਡੇ ਵਿੱਚੋਂ ਕੋਈ ਭੇਤੀ ਉਹਦਾ ਸਾਥ ਨਹੀਂ ਦੇਵੇਗਾ, ਉਦੋਂ ਤੱਕ ਖਾਲੀ ਕੁਹਾੜੀਆਂ ਦਾ ਸਾਡੇ ਉੱਪਰ ਕੋਈ ਅਸਰ ਨਹੀਂ ਪਵੇਗਾ।"

ਇਹ ਸੁਣ ਕੇ ਸਾਰੇ ਰੁੱਖ ਇੱਕੋ ਆਵਾਜ਼ ਵਿੱਚ ਬੋਲੇ, "ਅਸੀਂ ਹਮੇਸ਼ਾਂ ਤੋਂ ਹੀ ਇਕ ਰਹੇ ਹਾਂ। ਅੱਜ ਵੀ ਹਾਂ ਅਤੇ ਅੱਗੇ ਵੀ ਰਹਾਂਗੇ। ਅਸੀਂ ਆਪਣੀ ਏਕਤਾ ਟੁੱਟਣ ਨਹੀਂ ਦੇਵਾਂਗੇ। ਵੇਖਦੇ ਹਾਂ ਉਹ ਕੁਹਾੜੀਆਂ ਸਾਨੂੰ ਕਿਵੇਂ ਨੁਕਸਾਨ ਪਹੁੰਚਾਉਂਦੀਆਂ ਹਨ।"

ਬਜ਼ੁਰਗ ਰੁੱਖ ਨੇ ਵੀ ਹਾਂ ਵਿੱਚ ਹਾਂ ਮਿਲਾ ਕੇ ਕਿਹਾ, "ਹਾਂ ਤੁਸੀਂ ਸਿਰਫ਼ ਆਪਣੀ ਏਕਤਾ ਦਾ ਖ਼ਿਆਲ ਰੱਖੋ। ਤੁਹਾਨੂੰ ਦੂਜਾ ਕੋਈ ਕਿੰਨਾ ਵੀ ਭੜਕਾਵੇ ਇਕ ਦੂਜੇ ਦੀ ਆਲੋਚਨਾ ਕਰੇ, ਪਰ ਤੁਸੀਂ ਉਹਦੀਆਂ ਗੱਲਾਂ ਵਿੱਚ ਨਹੀਂ ਆਉਣਾ। ਅਤੇ ਕਿਸੇ ਵੀ ਤਰ੍ਹਾਂ ਆਪਣੀ 'ਏਕਤਾ' ਭੰਗ ਨਾ ਹੋਣ ਦੇਣਾ। ਸੈਂਕੜੇ ਸਾਲਾਂ ਤੋਂ ਹੁਣ ਤੱਕ ਤੁਸੀਂ ਆਪਣੀ ਇਕਜੁੱਟਤਾ ਕਰਕੇ ਹੀ ਸੁੱਖ ਦਾ ਸਾਹ ਲੈ ਰਹੇ ਹੋ। ਤੁਹਾਡੇ ਕਰਕੇ ਹੀ ਜੰਗਲ ਹਰੇ-ਭਰੇ ਹਨ ਅਤੇ ਉਹਨਾਂ ਵਿੱਚ ਬੇਸ਼ੁਮਾਰ ਪਸ਼ੂ-ਪੰਛੀ ਨਿਰਬਾਹ ਕਰ ਰਹੇ ਹਨ। ਇਹ ਸਭ ਇਸ ਕਰਕੇ ਹੀ ਸੰਭਵ ਹੈ ਕਿ ਤੁਸੀਂ ਆਪਣੀ ਏਕਤਾ ਬਣਾ ਕੇ ਰੱਖੀ ਹੋਈ ਹੈ। ਏਕਤਾ ਕਰਕੇ ਹੀ ਤੁਹਾਡੀ ਹੋਂਦ ਵੀ ਬਚੀ ਹੋਈ ਹੈ।

ਇਹ ਸੁਣ ਕੇ ਸਭ ਰੁੱਖਾਂ ਦੇ ਚਿਹਰਿਆਂ 'ਤੇ ਮੁਸਕਾਨ ਆ ਗਈ। ਉਹਨਾਂ ਸਹੀ ਰਸਤਾ ਵਿਖਾਉਣ ਲਈ ਬਜ਼ੁਰਗ ਰੁੱਖ ਦਾ ਧੰਨਵਾਦ ਕੀਤਾ ਅਤੇ ਫ਼ੈਸਲਾ ਕੀਤਾ ਕਿ ਉਹ ਆਪਣੀ ਏਕਤਾ ਅਤੇ ਇਕਜੁੱਟਤਾ ਕਿਸੇ ਵੀ ਕੀਮਤ 'ਤੇ ਟੁੱਟਣ ਨਹੀਂ ਦੇਣਗੇ।"

ਸੋ ਬੱਚਿਓ! ਸਾਡਾ ਇਹ ਸਮਾਜ ਵੀ ਹਰੇ-ਭਰੇ ਰੁੱਖਾਂ ਵਾਂਗ ਹੀ ਹੈ। ਇਹਦੇ ਵਿੱਚ ਬੇਸ਼ੱਕ ਕੁਝ ਕਮਜ਼ੋਰੀਆਂ ਅਤੇ ਕਮੀਆਂ ਹੋਣ, ਪਰ ਏਕਤਾ ਅਤੇ ਮੇਲ-ਮਿਲਾਪ ਦੇ ਸਦਕਾ ਹੀ ਅਸੀਂ ਇਨ੍ਹਾਂ 'ਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ।

*ਪਿੰਡ ਤੇ ਡਾਕਘਰ : ਘੱਗਾ*
*ਜ਼ਿਲ੍ਹਾ ਪਟਿਆਲਾ-147102 (ਪੰਜਾਬ)*

# ਪਰੀਸ਼ਦ ਗਤੀਵਿਧੀਆਂ

## 1



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਹਿੰਦੀ ਵਿਭਾਗ ਵੱਲੋਂ ਹਿੰਦੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਹਰ ਸਾਲ ਤਿੰਨ ਪ੍ਰਤਿਯੋਗਤਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ । ਹਿੰਦੀ ਸੁਲੇਖ ਅਤੇ ਨਿਬੰਧ ਪ੍ਰਤਿਯੋਗਤਾਵਾਂ ਦਾ ਆਯੋਜਨ 7 ਮਈ, 2013 ਨੂੰ ਅਤੇ ਹਿੰਦੀ ਟਿੱਪਣ-ਆਲੇਖਨ ਪ੍ਰਤਿਯੋਗਤਾ ਦਾ ਆਯੋਜਨ 8 ਮਈ, 2013 ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਕਨਵੈਨਸ਼ਨ ਸੈਂਟਰ ਵਿੱਚ ਕੀਤਾ ਗਿਆ । ਇਸ ਮੌਕੇ ਤੇ ਪਰੀਸ਼ਦ ਦੇ 500 ਤੋਂ ਜ਼ਿਆਦਾ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ।

## 2



5 ਜੂਨ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ ਤੇ ਚਿਲਡਰਨ ਪਾਰਕ, ਇੰਡੀਆ ਗੇਟ, ਨਵੀਂ ਦਿੱਲੀ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਿੱਖਿਆ ਵਿਭਾਗ ਵੱਲੋਂ wellspum energy ਸੰਸਥਾਨ ਵੱਲੋਂ ਕੰਨਿਆ ਮੁਹਿੰਮ ਦੇ ਅੰਤਰਗਤ Prembir ਪ੍ਰਤਿਯੋਗਤਾ ਦੀਆਂ 20 ਕੰਨਿਆ ਜੇਤੂਆਂ ਨੂੰ ਸਾਈਕਲਾਂ ਪ੍ਰਦਾਨ ਕੀਤੀਆਂ ਗਈਆਂ।

# ਪਰੀਸ਼ਦ ਗਤੀਵਿਧੀਆਂ

## 3



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਦੇਵ ਗੋਸਵਾਮੀ ਡੀ.ਈ.ਓ. ਹਿੰਦੀ ਵਿਭਾਗ ਨੇ 27 ਜੂਨ, 2013 ਤੋਂ 30 ਜੂਨ, 2013 ਤੱਕ ਆਯੋਜਿਤ ਬਾਬਾ ਗੰਗਨਾਥ ਗੋਲਡ ਕੱਪ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੇ ਸੀਨੀਅਰ ਪੁਰਖ ਗੋਲਡ ਕੱਪ ਦੇ 69 ਵੇਟ ਕੈਟੇਗਰੀ ਵਿੱਚ ਦੂਜਾ ਸਥਾਨ ਹਾਸਲ ਕੀਤਾ ।

## 4



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੁੱਖ ਲੇਖਾ ਪਰੀਖਿਅਕ ਦੇ ਦਫ਼ਤਰ ਵਿੱਚ ਕਾਰਜਰਤ ਅਧਿਕਾਰੀਆਂ ਦੇ ਲਈ ਦੋ ਰੋਜ਼ਾ ਟ੍ਰੇਨਿੰਗ ਪ੍ਰੋਗਰਾਮ 27-28 ਮਈ, 2013 ਨੂੰ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੀ ਮੁੱਖ ਮਹਿਮਾਨ ਸੁਸ੍ਰੀ ਮੀਨਾਕਸ਼ੀ ਗੁਪਤਾ, ਆਈ.ਏ.ਏ. ਐੱਸ. ਸਾਬਕਾ ਮੁੱਖ ਲੇਖਾ ਪਰੀਖਿਅਕ ਸੀ । ਇਨ੍ਹਾਂ ਤੋਂ ਇਲਾਵਾ ਸ੍ਰੀ ਮਨੀਸ਼ ਕੁਮਾਰ, ਆਈ.ਏ.ਏ.ਐੱਸ. ਸਾਬਕਾ ਵਿੱਤ ਸਲਾਹਕਾਰ ਨੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਅਧਿਕਾਰੀਆਂ ਨੂੰ ਆਪਣੇ ਤਜਰਬੇ ਦੱਸੇ । ਟ੍ਰੇਨਿੰਗ ਪ੍ਰੋਗਰਾਮ ਵਿੱਚ ਸ੍ਰੀਮਤੀ ਵਰਸ਼ਾ ਤਿਵਾਰੀ, ਮੁੱਖ ਲੇਖਾ ਪਰੀਖਿਅਕ, ਸ੍ਰੀ ਏ. ਕੇ. ਜੋਸ਼ੀ , ਅਤਿ. ਮੁੱਖ ਅਭਿਯੰਤਾ (ਬਿਜਲੀ), ਸ੍ਰੀ ਪੀ. ਕੇ. ਮੋਗਾ, ਉਪ ਮੁੱਖ ਲੇਖਾ ਪਰੀਖਿਅਕ ਅਤੇ ਸ੍ਰੀ ਜੇ. ਜੇ. ਆਰਯ, ਅਤਿ. ਉਪ-ਮੁੱਖ ਲੇਖਾ ਪਰੀਖਿਅਕ ਨੇ ਵਿਭਿੰਨ ਵਿਸ਼ਿਆਂ ਤੇ ਆਪਣੇ ਤਜਰਬਿਆਂ ਨਾਲ ਪ੍ਰਸ਼ਿਕਸ਼ਾਰਥੀਆਂ ਦਾ ਗਿਆਨ ਵਧਾਇਆ । ਪ੍ਰਸ਼ਿਕਸ਼ਾਰਥੀਆਂ ਨੇ ਟ੍ਰੇਨਿੰਗ ਦੀ ਵਡਿਆਈ ਕਰਦੇ ਹੋਏ ਇਸ ਤਰ੍ਹਾਂ ਦੇ ਪ੍ਰੋਗਰਾਮ ਭਵਿੱਖ ਵਿੱਚ ਵੀ ਜਾਰੀ ਰੱਖਣ ਦਾ ਅਨੁਰੋਧ ਕੀਤਾ।

# ਪਰੀਸ਼ਦ ਗਤੀਵਿਧੀਆਂ

## 5




ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਿੱਖਿਆ ਵਿਭਾਗ ਵੱਲੋਂ 20 ਜੂਨ, 2013 ਨੂੰ ਤਾਲਕਟੋਰਾ ਸਟੇਡੀਅਮ ਵਿੱਚ ਸਮਰ ਕੈਂਪ ਦੇ ਸਮਾਪਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਪਨ ਸਮਾਰੋਹ ਦੇ ਮੌਕੇ ਤੇ ਸ੍ਰੀਮਤੀ ਵਿਦੁਸ਼ੀ ਚਤੁਰਵੇਦੀ ਨਿਦੇਸ਼ਕ (ਸਿੱਖਿਆ) ਅਤੇ ਸ੍ਰੀ ਅਖ਼ਤਰੁਲ ਹਨੀਫ਼ ਨਿਦੇਸ਼ਕ (ਵਿਜ਼ੀਲੈਂਸ) ਨੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕੀਤਾ। ਇਸ ਮੌਕੇ ਤੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਲਲਿਤ ਕਲਾ ਅਕਾਦਮੀ ਦੇ ਸਾਬਕਾ ਨਿਦੇਸ਼ਕ ਸ੍ਰੀ ਦੇਵਾਨੰਦ ਵੀ ਇਸ ਸਮਾਰੋਹ ਵਿੱਚ ਮੌਜੂਦ ਸਨ। ਸਮਾਰੋਹ ਵਿੱਚ ਨਵਯੁਗ ਅਤੇ ਪਰੀਸ਼ਦ ਸਕੂਲਾਂ ਦੇ ਵਿਦਿਆਰਥੀਆਂ ਦੇ ਇਲਾਵਾ ਉਨ੍ਹਾਂ ਦੇ ਮਾਪਿਆਂ ਨੇ ਵੀ ਹਿੱਸਾ ਲਿਆ।

## 6




ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਕਨਵੈਨਸ਼ਨ ਸੈਂਟਰ ਵਿੱਚ 24 ਮਈ, 2013 ਨੂੰ ਆਯੋਜਿਤ ਨਾਦ ਮੰਦਿਰ ਸੰਗੀਤਮਈ ਪ੍ਰੋਗਰਾਮ ਵਿੱਚ ਸ੍ਰੀ ਰਿਆਜ਼ ਅਹਿਮਦ ਮਲਿਕ ਦੀ ਪੇਸ਼ਕਸ਼।